# ਪਰਮੇਸ਼ਰ ਕਿਹੋ ਜਿਹਾ ਹੈ?

True Path *to* God

2

ਲੇਖਕ ਡਾੱ. ਕੁਲਦੀਪ ਸਿੰਘ ਗੈਂਗਰ

# ਪਰਮੇਸ਼ਰ ਕਿਹੋ ਜਿਹਾ ਹੈ?

ਲੇਖਕ

## ਡਾ. ਕੁਲਦੀਪ ਸਿੰਘ ਗੈਂਗਰ

**Punjabi**

*What is God Like?*

Copyright © 2013

Published by True Path to God | www.truepathtogod.org

***True Path to God*** is a ministry reaching out to our neighbours of East Asian background. For more information, see "About Us" on our website.

All scripture quotations are from The Holy Bible—Punjabi – CL published by The Bible Society of India,, 206 Mahatma Gandhi Road, Bangalore – 560 001 – India.

This booklet, as with all in this series, was written in English and translations into Punjabi by a team of translators. It is also being made available in Punjabi, Hindi, Marathi, Nepali, and Urdu.

**Library and Archives Canada Cataloguing in Publications**
Gangar, Dr. Kuldip Singh 1950-
Includes bibliographical references
ISBN 978-0-9919134-1-1
1. Bible—Doctrine—God—Attributes. I. Title.

# ਵਿਸ਼ਾ ਵਸਤੂ


ਜਾਣ-ਪਹਿਚਾਣ |07

1 ਪਰਮੇਸ਼ਰ ਸੰਪੂਰਣ ਹੈ |09

2 ਪਰਮੇਸ਼ਰ ਸਭ ਚੀਜ਼ਾਂ ਜਾਣਦਾ ਹੈ |15

3 ਪਰਮੇਸ਼ਰ ਸਭ ਤੋਂ ਬੁੱਧੀਮਾਨ ਹੈ। 21

4 ਪਰਮੇਸ਼ਰ ਸਰਬਸ਼ਕਤੀਮਾਨ ਹੈ। 25

5 ਪਰਮੇਸ਼ਰ ਅੱਤ ਮਾਹਾਨ ਹੈ। 33

6 ਪਰਮੇਸ਼ਰ ਪੂਰੀ ਤਰਾਂ ਧਰਮੀ ਹੈ। 41

7 ਪਰਮੇਸ਼ਰ ਭਲਾ ਅਤੇ ਦਿਆਲੂ ਹੈ। 47

8 ਪਰਮੇਸ਼ਰ ਵਫਾਦਾਰ ਅਤੇ ਸੱਚਾ ਹੈ। 55

9 ਪਰਮੇਸ਼ਰ ਪ੍ਰੇਮ ਹੈ। 63

# ਜਾਣ-ਪਹਿਚਾਣ

ਪਹਿਲੀ ਪੁਸਤਕ ਦੇ ਵਿੱਚ, ਪਰਮੇਸ਼ਰ ਕੀ ਹੈ? ਅਸੀਂ ਤ੍ਰਿਏਕਤਾ ਦੀ ਸਿੱਖਿਆਂ ਨੂੰ ਵੇਖਿਆ। ਇਹ ਗੱਲ ਸਾਹਮਣੇ ਲਿਆਂਦੀ ਗਈ ਸੀ ਕਿ ਅਸੀਂ ਜਿਉਂਦੇ ਪਰਮੇਸ਼ਰ ਦੇ ਬਾਰੇ ਵਿੱਚ ਉਸ ਸਮੇਂ ਤੱਕ ਚੰਗੀ ਤਰਾਂ ਸੋਚ ਨਹੀ ਸਕਦੇ ਹਾਂ, ਜਦ ਤਕ ਅਸੀਂ ਪਰਮੇਸ਼ਰ ਨੂੰ ਤਿੰਨਾਂ ਵਿਅਕਤੀਆਂ ਦੇ ਵਿੱਚ ਹੋਣ ਦੇ ਬਾਰੇ ਨਹੀ ਸੋਚਦੇ ਹਾਂ। ਹੁਣ ਅਸੀਂ ਤ੍ਰਿਏਕ ਪਰਮੇਸ਼ਰ ਦੇ ਗੁਣਾਂ ਦੇ ਬਾਰੇ ਦੇ ਵਿੱਚ ਵਿੱਚ ਵੇਖਣ ਲੱਗੇ ਹਾਂ। ਅਸੀਂ ਉਸ ਦੇ ਗੁਣਾਂ ਨੂੰ ਉਸ ਸਮੇਂ ਤੱਕ ਨਹੀਂ ਜਾਣ ਪਾਉਂਦੇ ਜਦ ਤੱਕ ਉਹ ਸਾਡੇ ਤੇ ਖੁਸ਼ੀ ਨਾਲ ਪ੍ਰਗਟ ਨਹੀ ਕਰਦਾ। ਅਸੀਂ ਹੁਣ ਪਰਮੇਸ਼ਰ ਨੂੰ ਪੁਕਾਰਦੇ ਹਾਂ ਉਹ ਕਿ ਇਸ ਲਿਖਾਰੀ ਨੂੰ ਆਪਣਾ ਪਵਿੱਤਰ ਆਤਮਾ ਦੇਣ ਕਿ ਜੋ ਕੁਝ ਵੀ ਲਿਖਿਆ ਜਾਵੇ ਉਹ ਹੀ ਹੋਵੇ ਜੋ ਪਵਿੱਤਰ ਆਤਮਾ ਨੇ ਪਵਿੱਤਰ ਲਿਖਤਾਂ ਦੇ ਵਿੱਚ ਪ੍ਰਗਟ ਕੀਤਾ ਹੈ। ਪ੍ਰਭੂ ਆਪਣੇ ਆਤਮਾ ਨੂੰ ਅਧਿਆਪਕ ਦੇ ਤੋਰ ਤੇ ਉਨ੍ਹਾਂ ਲੋਕਾਂ ਨੂੰ ਦੇਵੇ ਜੋ ਕਿ ਇਸ ਪੱਤਰੀ ਨੂੰ ਪੜਦੇ ਹਨ ਕਿ ਉਹ ਪਰਮੇਸ਼ਰ ਦੀ ਹੋਰ ਵੀ ਸਮਝ ਪ੍ਰਾਪਤ ਕਰ ਸਕਣ ਅਤੇ ਉਹ ਪਰਮੇਸ਼ਰ ਦੇ ਅੱਗੇ ਝੁਕ ਸਕਣ ਅਤੇ ਉਸਦੀ ਆਰਾਧਨਾ ਕਰ ਸਕਣ ਜਿਵੇਂ ਕਿ ਉਹ ਚਾਹੁੰਦਾ ਹੈ।

ਇਹ ਗੱਲ ਯਾਦ ਰੱਖਣੀ ਹੋਵੇਗੀ ਕਿ ਪਰਮੇਸ਼ਰ ਦੇ ਗੁਣ ਉਹ ਵਸਤਾਂ ਨਹੀ ਹਨ ਜੋ ਕਿ ਪਰਮੇਸ਼ਰ ਨੂੰ ਬਣਾਉਂਦੀਆਂ ਹਨ। ਸਭ ਗੁਣ ਜੋ ਕਿ

ਪਰਮੇਸ਼ਰ ਦੇ ਹਨ ਉਹ ਪਰਮੇਸ਼ਰ ਦੇ ਬਾਰੇ ਵਿੱਚ 100% ਸੱਚੇ ਹਨ। ਇਸ ਲਈ ਪਰਮੇਸ਼ਰ 100% ਪਵਿੱਤਰ ਹੈ ਅਤੇ 100% ਧਰਮੀ ਹੈ ਅਤੇ ਉਸਦੇ ਸਭ ਗੁਣ ਇਸੇ ਤਰ੍ਹਾਂ ਹਨ। ਸਾਨੂੰ ਇੱਕ ਗੱਲ ਦਾ ਹੋਰ ਧਿਆਨ ਰੱਖਣਾ ਚਾਹੀਦਾ ਹੈ ਕਿ ਸਾਨੂੰ ਇੱਕ ਗੁਣ ਨੂੰ ਦੂਸਰੇ ਦੇ ਉੱਪਰ ਨਹੀ ਰੱਖਣਾ ਚਾਹੀਦਾ ਹੈ। ਸਾਨੂੰ ਇਹ ਨਹੀ ਸੋਚਣਾ ਚਾਹੀਦਾ ਕਿ ਕਿਉਂਕਿ ਪਰਮੇਸ਼ਰ ਪ੍ਰੇਮ ਹੈ, ਕਿ ਉਹ ਉਸੇ ਵੇਲੇ ਧਰਮੀ ਨਹੀ ਹੋ ਸਕਦਾ। ਪਰਮੇਸ਼ਰ ਪੂਰੀ ਤਰ੍ਹਾਂ ਹਰ ਗੱਲ ਵਿੱਚ ਸਿੱਧ ਹੈ।

ਇਸ ਤੋਂ ਪਹਿਲਾਂ ਕਿ ਅਸੀਂ ਇਕੱਲੇ ਇਕੱਲੇ ਗੁਣ ਨੂੰ ਵੇਖੀਏ, ਸਾਨੂੰ ਤਿੰਨ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ਜੋ ਕਿ ਉਸਦੇ ਬਾਰੇ ਵਿੱਚ ਹਰ ਵੇਲੇ ਸੱਚ ਹਨ। ਪਹਿਲੀ ਗੱਲ ਕਿ ਇਹ ਗੁਣ ਕਿਸੇ ਵੀ ਬੰਦਨ ਦੇ ਵਿੱਚ ਨਹੀ ਹਨ। ਇਸ ਦਾ ਅਰਥ ਹੈ ਕਿ ਅਸੀਂ ਇਨ੍ਹਾਂ ਵਿੱਚ ਕੁਝ ਵੀ ਜੋੜ ਨਹੀ ਸਕਦੇ ਹਾਂ। ਜੇਕਰ ਅਸੀਂ ਇਹ ਸੋਚਦੇ ਹਾਂ ਕਿ ਕਿਸੇ ਕੋਲ ਇਸ ਤੋਂ ਵੀ ਉੱਚੇ ਗੁਣ ਹਨ ਤਾਂ ਉਹ ਪਰਮੇਸ਼ਰ, ਪਰਮੇਸ਼ਰ ਨਹੀ ਰਹਿ ਜਾਵੇਗਾ। ਦੂਸਰਾ ਪਰਮੇਸ਼ਰ ਦੇ ਗੁਣ ਸਦਾ ਤੱਕ ਹਨ। ਕਿਉਂਕਿ ਪਰਮੇਸ਼ਰ ਸਦੀਪਕ ਹੈ। ਤੀਸਰਾ ਇਹ ਗੁਣ ਬਦਲ ਨਹੀ ਸਕਦੇ ਹਨ, ਕਿਉਂਕਿ ਪਰਮੇਸ਼ਰ ਬਦਲ ਨਹੀ ਸਕਦਾ ਹੈ।

**ਅੱਯੂਬ ੧੧:੭** "ਕੀ ਤੂੰ ਪਰਮੇਸ਼ਰ ਸੰਬੰਧੀ ਡੂੰਘੇ ਰਹੱਸਆਵਾਂ ਨੂੰ ਜਾਣ ਸਕਦਾ ਹੈ? ਕੀ ਤੂੰ ਪਰਮੇਸ਼ਰ ਅਸੀਮਤਾ ਤਕ ਪਹੁੰਚ ਸਕਦਾ ਹੈ।"

**ਭਜਨ ੯੦:੨** ਪਹਾੜ ਤੋਂ ਰਚੇ ਜਾਣ ਤੋਂ ਪਹਿਲਾਂ, ਤੇਰੇ ਧਰਤੀ ਅਤੇ ਸੰਸਾਰ ਨੂੰ ਬਨਾਉਣ ਤੋਂ ਪਹਿਲਾਂ ਆਦਿ ਕਾਲ ਤੋਂ ਹੀ ਤੂੰ ਪਰਮੇਸ਼ਰ ਹੈਂ।"

**ਮਲਾਕੀ ੩:੬** "ਮਹਾਨ ਪ੍ਰਭੂ ਅੱਗੇ ਕਹਿੰਦਾ ਹੈ, "ਮੈਂ ਨਾ ਬਦਲਣ ਵਾਲਾ ਪ੍ਰਭੂ ਹਾਂ। ਹੇ ਯਾਕੂਬ ਦੇ ਵੰਸ਼ ਤੂੰ ਵੀ ਪੂਰੀ ਤਰ੍ਹਾਂ ਨਾਸ਼ ਨਹੀਂ ਹੋਇਆ ਹੈਂ।"

# 1

# ਪਰਮੇਸ਼ਰ ਸੰਪੂਰਣ ਹੈ

**ਉਤਪਤ ੧:੧** "ਆਦ ਵਿੱਚ ਜਦੋਂ ਪਰਮੇਸ਼ਰ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ।"

**ਯੂਹੰਨਾਂ੧:੧** "ਸ੍ਰਿਸ਼ਟੀ ਦੇ ਰਚੇ ਜਾਣ ਤੋਂ ਪਹਿਲਾਂ ਸ਼ਬਦ ਸੀ। ਉਹ ਸ਼ਬਦ ਪਰਮੇਸ਼ਰ ਦੇ ਨਾਲ ਸੀ, ਜੋ ਪਰਮੇਸ਼ਰ ਸੀ, ਉਹ ਹੀ ਸ਼ਬਦ ਸੀ।"

ਪਰਮੇਸ਼ਰ ਵਿਲੱਖਣ ਹੈ। ਉਹ ਹੋਰ ਕਿਸੇ ਦੇ ਉੱਪਰ ਜਾਂ ਕਿਸੇ ਵੀ ਚੀਜ ਦੇ ਉੱਪਰ ਆਪਣੀ ਹੋਂਦ ਵਾਸਤੇ ਨਿਰਭਰ ਨਹੀ ਕਰਦਾ ਹੈ। ਕੋਈ ਵੀ ਹੋਰ ਚੀਜ ਦੇ ਵਿਖੇ ਜੋ ਕਿ ਬ੍ਰਹਿਮੰਡ ਦੇ ਵਿੱਚ ਹੈ ਇਹ ਨਹੀ ਕਹਿ ਸਕਦਾ ਕਿ ਉਹ ਆਪਣੇ ਆਪ ਹੋਂਦ ਦੇ ਵਿੱਚ ਹੈ। ਅਸੀਂ ਹਮੇਸ਼ਾ ਉਸ ਸ੍ਰੋਤ ਨੂੰ ਲੱਭਦੇ ਹਾਂ ਜਿਸ ਤੋਂ ਇਹ ਆਇਆ ਹੁੰਦਾ ਹੈ। ਉਦਹਾਰਣ ਦੇ ਤੋਰ ਤੇ ਸਾਡੇ ਸਭ ਦੇ ਮਾਤਾ ਪਿਤਾ ਹੁੰਦੇ ਹਨ। ਬ੍ਰਹਿਮੰਡ ਦਾ ਇੱਕ ਸ੍ਰਿਸਟੀਕਰਤਾ ਹੈ। ਸਾਧਾਰਣ ਸ਼ਬਦਾਂ ਦੇ ਵਿੱਚ **ਪਰਮੇਸ਼ਰ ਹੈ!**

ਜਦ ਮੈਂ ਅਪਣੀ ਖਿੜਕੀ ਦੇ ਬਾਹਰ ਵੇਖਦਾ ਹਾਂ ਤਾਂ ਮੈਂ ਵੇਖ ਰਿਹਾ ਹਾਂ ਕਿ ਧਰਤੀ ਬਰਫ ਨਾਲ ਢੱਕੀ ਹੋਈ ਹੈ। ਪਰਮੇਸ਼ਰ ਨੇ ਇਨ੍ਹਾਂ ਸਭ ਬਰਫ ਦੇ ਟੁਕੜਿਆਂ ਨੂੰ ਬਣਾਇਆ ਹੈ ਜੋ ਕਿ ਛੇ ਮੂੰਹ ਦੇ ਆਕਾਰ ਦੇ ਹਨ, ਪਰ ਇਹ ਸਭ ਇੱਕ ਦੂਸਰੇ ਤੋਂ ਭਿੰਨ ਹਨ। ਇਹ ਪਰਮੇਸ਼ਰ ਦੇ ਦੁਆਰਾ ਬਣਾਏ ਗਏ ਹਨ। ਪਰ ਜਿਵੇਂ ਹੀ ਸੂਰਜ ਚੜਦਾ ਹੈ ਇਹ ਪਿੱਘਲ ਜਾਂਦੇ

ਹਨ। ਇਹ ਕੁਝ ਸਮੇਂ ਵਾਸਤੇ ਹੋਂਦ ਦੇ ਵਿੱਚ ਹਨ, ਫਿਰ ਇਹ ਖਤਮ ਹੋ ਜਾਂਦੇ ਹਨ। ਇਹ ਮਨੁੱਖਾਂ ਵਾਸਤੇ ਵੀ ਸੱਚ ਹੈ, ਉਹ ਪੈਦਾ ਹੁੰਦੇ ਹਨ, ਅਤੇ ਬੁੱਢੇ ਹੁੰਦੇ ਹਨ ਅਤੇ ਫਿਰ ਮਰ ਜਾਂਦੇ ਹਨ। ਅਤੇ ਉਨ੍ਹਾਂ ਦੀਆਂ ਦੇਹੀਆਂ ਉਸ ਮਿੱਟੀ ਦੇ ਵਿੱਚ ਮਿਲ ਜਾਂਦੀਆਂ ਹਨ, ਜੋ ਕਿ ਉਨ੍ਹਾਂ ਦੇ ਪੈਰਾਂ ਦੇ ਹੇਠ ਹੁੰਦਾ ਹੈ ਅਤੇ ਤੁਸੀ ਉਸ ਮਿੱਟੀ ਵਿੱਚ ਅਤੇ ਇਸ ਦੇਹੀ ਵਿੱਚ ਕੋਈ ਫਰਕ ਨਹੀ ਵੇਖ ਪਾਉਂਦੇ। ਜਿੰਨਾਂ ਜਿਆਦਾ ਇਨਸਾਨ ਸੋਚਦਾ ਹੈ ਕਿ ਉਹ ਇੱਥੇ ਸਦਾ ਵਾਸਤੇ ਹੈ, ਪਰ ਸਾਨੂੰ ਹਰ ਸਾਲ ਜੋ ਲੱਖਾਂ ਲੋਕ ਇਸ ਜਹਾਨ ਵਿੱਚੋਂ ਕੂਚ ਕਰ ਜਾਂਦੇ ਹਨ, ਇਹ ਯਾਦ ਕਰਵਾਉਂਦੇ ਰਹਿੰਦੇ ਹਨ ਕਿ ਅਸੀਂ ਇੱਥੇ ਸਦਾ ਵਾਸਤੇ ਨਹੀ ਹਾਂ। ਪਰ ਪਰਮੇਸ਼ਰ ਹੈ ਜੋ ਕਿ ਪੂਰੀ ਤਰਾਂ ਆਜ਼ਾਦ ਹੈ ਅਤੇ ਇਸ ਕਰਕੇ ਉਹ ਸੰਪੂਰਣ ਹੈ ਅਤੇ ਉਹ ਹੀ ਹੈ ਜੋ ਸੱਚਮੁੱਚ ਹੋਂਦ ਵਿੱਚ ਹੈ।

ਅਸੀਂ ਸਭ ਆਪਣੇ ਆਪ ਵਿੱਚ ਬਦਲਦੇ ਹਾਂ। ਜਿਵੇਂ ਕਿ ਇੱਕ ਪ੍ਰਸਿੱਧ ਦਾਰਸ਼ਨਿਕ ਨੇ ਕਿਹਾ ਹੈ, ਇੱਕ ਵਿਅਕਤੀ ਇੱਕ ਹੀ ਦਰਿਆ ਦੇ ਵਿੱਚ ਦੋ ਵਾਰ ਨਹੀ ਜਾ ਸਕਦਾ ਹੈ। ਕਿਉਂਕਿ ਦੂਸਰੀ ਵਾਰ ਜਦ ਉਹ ਉਸ ਦਰਿਆ ਵਿੱਚ ਜਾਂਦਾ ਹੈ ਤਾਂ ਪਾਣੀ ਹੋਰ ਹੁੰਦਾ ਹੈ ਕਿਉਂਕਿ ਪਾਣੀ ਹਮੇਸ਼ਾਂ ਵਹਿੰਦਾ ਰਹਿੰਦਾ ਹੈ। ਪਰਮੇਸ਼ਰ ਹੀ ਹੈ ਜੋ ਕਿ ਬਦਲਦਾ ਨਹੀ ਹੈ। ਆਉ ਅਸੀਂ ਇੱਕ ਘਟਨਾ ਵੇਖਇ ਜਿੱਥੇ ਇਸ ਨੂੰ ਉਜਾਗਰ ਕੀਤਾ ਗਿਆ ਹੈ। ਮੇਰੇ ਨਾਲ ਕੂਚ 3 ਅਧਿਆਏ ਦੇ ਵਿੱਚ ਜਾਉ। ਇੱਥੇ ਪਰਮੇਸ਼ਰ ਨੇ ਮੂਸਾ ਨੂੰ ਜਲਦੀ ਝਾੜੀ ਵਿੱਚ ਦਰਸ਼ਨ ਦਿੱਤਾ। ਪਰਮੇਸ਼ਰ ਮੂਸਾ ਨੂੰ ਇਸਰਾਏਲੀ ਲੋਕਾਂ ਨੂੰ ਫਿਰੋਨ ਤੇ ਮਿਸਰ ਦੀ ਗੁਲਾਮੀ ਤੋਂ ਛੁਡਾਉਣ ਲਈ ਭੇਜਣ ਵਾਲਾ ਹੈ। ਮੂਸਾ ਨੇ ਪਰਮੇਸ਼ਰ ਤੋਂ ਉਸਦਾ ਨਾਮ ਪੁੱਛਿਆ ਕਿ ਜਦ ਉਹ ਇਸਰਾਏਲੀਆਂ ਦੇ ਕੋਲ ਜਾਵੇ ਤਾਂ ਉਹ ਉਨਾਂ ਨੂੰ ਕੀ ਦੱਸੇ ਕਿ ਉਸ ਨੂੰ ਕਿਸ ਨੇ ਭੇਜਿਆ ਹੈ। ਪਰਮੇਸ਼ਰ ਨੇ ਉਸ ਨੂੰ ਉੱਤਰ ਦੇ ਕਿਹਾ ਕਿ ਉਸਦਾ ਨਾਮ ਹੈ, "ਮੈਂ ਹਾਂ ਸੋ ਹਾਂ" ਇਹ ਇੱਕ ਅਜੀਬ ਜਿਹਾ ਉੱਤਰ ਲੱਗਦਾ ਹੈ ਪਰ ਜਦ ਅਸੀਂ ਗਹਿਰਾਈ ਦੇ ਨਾਲ ਇਸ ਨੂੰ ਵੇਖਦੇ ਹਾਂ, ਅਸੀਂ ਇਹ ਵੇਖਦੇ ਹਾਂ ਕਿ ਪਰਮੇਸ਼ਰ ਅਸਲ ਵਿੱਚ ਕਹਿ ਰਿਹਾ ਹੈ ਕਿ ਉਹੀ ਹੈ ਜੋ ਕਿ ਹੋਂਦ ਵਿੱਚ ਹੈ। ਪਰਮੇਸ਼ਰ ਆਪਣੇ ਬਾਰੇ ਇਹ ਕਹਿ ਕੇ ਆਪਣੀ ਜਾਣਕਾਰੀ ਨਹੀ ਦਿੰਦਾ ਜਿਸ ਤਰਾਂ ਅਸੀਂ ਕਰਦੇ ਹਾਂ ਕਿ ਮੈਂ ਫਲਾਣੇ ਫਲਾਣੇ ਦਾ ਪੁੱਤਰ ਹਾਂ" ਪਰਮੇਸ਼ਰ ਹਮੇਸ਼ਾ ਤੋਂ ਹੈ।

ਪਰਮੇਸ਼ਰ ਹੀ ਹੈ ਜੋ ਕਿ ਸੱਚਮੁੱਚ ਹੈ। ਹਰ ਇੱਕ ਚੀਜ ਹੋਂਦ ਦੇ ਵਿੱਚ ਆਉਂਦੀ ਹੈ ਕਿਉਂਕਿ ਇਸ ਦਾ ਇੱਕ ਕਾਰਣ ਹੈ ਅਤੇ ਫਿਰ ਇਹ ਬੁੱਢੀ ਹੋ ਜਾਂਦੀ ਹੈ ਅਤੇ ਫਿਰ ਇਹ ਹੋਂਦ ਤੋਂ ਬਾਹਰ ਹੋ ਜਾਂਦੀ ਹੈ। ਪਰਮੇਸ਼ਰ ਖੁਦ ਹੀ ਹੋਂਦ ਦੇ ਵਿੱਚ ਹੈ। ਕਿਸੇ ਨੇ ਪਰਮੇਸ਼ਰ ਨੂੰ ਨਹੀ ਬਣਾਇਆ ਹੈ।

ਇਸਦਾ ਸੱਚਮੁੱਚ ਕੀ ਅਰਥ ਹੈ? ਪਹਿਲਾ, ਪਰਮੇਸ਼ਰ ਸਭ ਚੀਜਾਂ ਤੋਂ ਪਹਿਲਾਂ ਹੋਂਦ ਦੇ ਵਿੱਚ ਸੀ। ਫਿਰ ਉਸ ਨੂੰ ਕਿਸੇ ਹੋਰ ਸ੍ਰਿਸਟੀ ਦੀ ਮਦਦ ਵਾਸਤੇ ਖੜਾ ਨਹੀ ਹੋਣਾ ਪੈਂਦਾ। ਉਹ ਉਨ੍ਹਾਂ ਸਭਨਾਂ ਦੇ ਪੈਦਾ ਹੋਣ ਤੋਂ ਪਹਿਲਾਂ ਸੀ। ਸੰਸਾਰ ਦੇ ਬਹੁਤ ਸਾਰੇ ਲੋਕ ਕੁਰਬਾਨੀ ਲੈ ਕੇ ਆਉਂਦੇ ਹਨ ਅਤੇ ਉਹ ਸੋਚਦੇ ਹਨ ਕਿ ਸ਼ਾਇਦ ਪਰਮੇਸ਼ਰ ਨੂੰ ਇਨਾਂ ਵਸਤਾਂ ਦੀ ਲੋੜ ਹੈ। ਇਹ ਮੂਰਖਤਾ ਹੈ ਕਿਉਂਕਿ ਪਰਮੇਸ਼ਰ ਆਤਮਾ ਹੈ। (ਯੂਹੰਨਾਂ 4:24) ਅਤੇ ਇਸ ਲਈ ਇਸ ਦੀ ਕੋਈ ਕੀਮਤ ਨਹੀ ਹੈ। ਪੁਰਾਣੇ ਨੇਮ ਦੀਆਂ ਕੁਰਬਾਨੀਆਂ ਸਾਨੂੰ ਉਸ ਮਾਹਾਨ ਕੁਰਬਾਨੀ ਦੇ ਵਾਸਤੇ ਸਿਖਾਉਣ ਲਈ ਸਨ ਜੋ ਪਰਮੇਸ਼ਰ ਸਾਡੇ ਪਾਪਾਂ ਨੂੰ ਹਟਾਉਣ ਵਾਸਤੇ ਆਪਣੇ ਪੁੱਤਰ ਨੂੰ ਸਲੀਬ ਤੇ ਪਾਪੀਆਂ ਦੇ ਲਈ ਮਰਨ ਲਈ ਭੇਜਣ ਵਾਲਾ ਸੀ। ਪਰ ਜਦ ਲੋਕ ਸੋਚਦੇ ਹਨ ਕਿ ਪਰਮੇਸ਼ਰ ਨੂੰ ਉਨ੍ਹਾਂ ਦੀਆਂ ਕੁਰਬਾਨੀਆਂ ਦੀ ਲੋੜ ਹੈ ਤਾਂ ਪਰਮੇਸ਼ਰ ਉੱਤਰ ਦਿੰਦਾ ਹੈ:

ਭਜਨ 50:9-15 ਮੈਂ ਨਾ ਤਾਂ ਬਦਲ, ਅਤੇ ਨਾ ਹੀ ਤੇਰੇ ਵਾੜੇ ਦੇ ਬਕਰੇ ਸਵੀਕਾਰ ਕਰਾਂਗਾਂ। ਕਿਉਂਕਿ ਜੰਗਲ ਦਾ ਹਰ ਜਾਨਵਰ ਮੇਰਾ ਹੈ, ਅਤੇ ਅਣਗਿਣਤ ਪਹਾੜਾਂ ਦੇ ਪਸ਼ੂ ਵੀ। ਮੈਂ ਹਵਾ ਦੇ ਪੰਛੀ ਨੂੰ ਜਾਣਦਾ ਹਾਂ, ਅਤੇ ਧਰਤੀ ਦੇ ਘਿਸਨ ਵਾਲਿਆਂ ਨੂੰ ਵੀ। ਜੇਕਰ ਮੈਂ ਭੁਖਾ ਹੁੰਦਾ ਤਾਂ ਤੈਨੂੰ ਨਾ ਕਹਿੰਦਾ, ਕਿਉਂਕਿ ਸਭ ਸੰਸਾਰ ਦੀ ਭਰਪੂਰੀ ਮੇਰੀ ਹੈ। ਕੀ ਮੈਂ ਬਲਦ ਦਾ ਮਾਂਸ ਖਾਂਦਾ ਹਾਂ, ਜਾਂ ਬਕਰੇ ਦਾ ਲਹੂ ਪੀਂਦਾ ਹਾਂ? ਪਰਮੇਸ਼ਰ ਦੇ ਸਾਹਮਣੇ ਧੰਨਵਾਦ ਦੀ ਬਲੀ ਚੜ੍ਹਾ ਅਤੇ ਪਰਮ ਪਰਧਾਨ ਦੇ ਸਾਹਮਣੇ ਆਪਣੀਆਂ ਸੁਖਣਾ ਪੂਰੀਆਂ ਕਰ। ਮੈਨੂੰ ਦੁਖ ਦੇ ਸਮੇ ਪੁਕਾਰ, ਮੈਂ ਤੈਨੂੰ ਮੁਕਤ ਕਰਾਂਗਾ। ਤਾਂ ਤੂੰ ਮੇਰੀ ਮਹੀਮਾ ਕਰੇਗਾ।"

ਦੂਸਰੀ ਗੱਲ, ਇਹ ਸੱਚਾਈ ਕਿ ਸਿਰਫ ਪਰਮੇਸ਼ਰ ਹੀ ਹੈ ਜੋ ਕਿ ਪਵਿੱਤਰ, ਸਦੀਪਕ ਅਤੇ ਨਾ ਬਦਲਣ ਵਾਲਾ ਹੈ, ਇਹ ਪਰਮੇਸ਼ਰ ਦੇ

ਲੋਕਾਂ ਦੇ ਲਈ ਬਹੁਤ ਸਾਂਤਮਈ ਹੈ। ਪਰਮੇਸ਼ਰ ਉਨ੍ਹਾਂ ਨੂੰ ਕਦੇ ਨਹੀ ਭੁੱਲੇਗਾ। ਮਨੁੱਖ ਵਾਇਦੇ ਕਰਦੇ ਹਨ ਪਰ ਉਨ੍ਹਾਂ ਦੇ ਵਾਇਦੇ ਸਦਾ ਪੂਰੇ ਨਹੀ ਹੁੰਦੇ, ਜੇਕਰ ਉਹ ਮਰ ਜਾਣ। ਪਰ ਪਰਮੇਸ਼ਰ ਵਫਾਦਾਰ ਹੈ ਅਤੇ ਉਸਦੇ ਸਭ ਵਾਇਦੇ ਪੂਰੇ ਹੋਣਗੇ, ਅਤੇ ਉਸਦੀਆਂ ਧਮਕੀਆਂ ਵੀ। ਭਾਵੇਂ ਕਿ ਇਹ ਇਵੇਂ ਲੱਗਦਾ ਹੈ, ਪਰਮੇਸ਼ਰ ਨੇ ਆਪਣੀ ਵਾਚਾ ਨੂੰ ਨਹੀ ਭੁੱਲਿਆ ਹੈ ਜੋ ਕਿ ਉਸ ਨੇ ਅਬਰਾਹਾਮ, ਇਸਹਾਕ ਅਤੇ ਯਾਕੂਬ ਨਾਲ ਬਣਾਈ ਸੀ ਅਤੇ ਇਸ ਲਈ ਪਰਮੇਸ਼ਰ  ਨੇ ਆਪਣੇ ਲੋਕਾਂ ਨੂੰ ਮਿਸਰ ਦੀ ਗੁਲਾਮੀ ਤੋਂ ਛੁਡਾਇਆ। ਮੂਸਾ ਆਪਣੇ ਲੋਕਾਂ ਦੇ  ਦੁੱਖਾਂ ਨੂੰ ਸ਼ਾਇਦ ਭੁੱਲ ਗਿਆ ਸੀ, ਜਦ ਉਹ 40 ਸਾਲ ਮਿਦਾਨ ਦੇ ਵਿੱਚ ਰਿਹਾ ਅਤੇ ਇੱਥੋਂ ਤੱਕ ਕਿ ਉਸ ਦੇ ਦੋ ਪੁੱਤਰ ਵੀ ਸਨ, ਪਰ ਪਰਮੇਸ਼ਰ ਨਹੀ ਭੁੱਲਿਆ ਅਤੇ ਇਸ ਲਈ ਪਰਮੇਸ਼ਰ ਨੇ ਮੂਸਾ ਦੇ ਦੁਆਰਾ ਉਨ੍ਹਾਂ ਨੂੰ ਛੁਡਾ ਦਿੱਤਾ।

ਤੀਸਰਾ, ਇਹ ਸਾਡੇ ਅੰਦਰ ਸਤੁਤੀ ਅਤੇ ਆਰਾਧਨਾ ਨੂੰ ਪੈਦਾ ਕਰਨ ਵਾਲਾ ਹੋਣਾ ਚਾਹੀਦਾ ਹੈ ਕਿ ਪਰਮੇਸ਼ਰ ਹੀ ਜੋ ਕਿ ਆਦ ਤੋਂ ਹੋਂਦ ਦੇ ਵਿੱਚ ਹੈ, ਅਤੇ ਉਹ ਇੱਕ ਵਾਚਾ ਦੇ ਵਿੱਚ ਮਿੱਟੀ ਤੋਂ ਬਣੀ ਸ੍ਰਿਸਟੀ ਦੇ ਨਾਲ ਗਿਆ ਹੈ, ਜੋ ਕਿ ਅੱਜ ਹੈ ਅਤੇ ਕੱਲ ਨਹੀ ਹੋਵੇਗੀ। ਫਿਰ ਵੀ ਪਰਮੇਸ਼ਰ ਨੇ ਕਿਉਂਕਿ ਉਹ ਅਬਰਾਹਾਮ ਅਤੇ ਇਸਹਾਕ ਅਤੇ ਯਾਕੂਬ ਦੇ ਪਰਮੇਸ਼ਰ ਦੇ ਤੋਰ ਤੇ ਜਾਣਿਆ ਜਾਂਦਾ ਹੈ। ਅਤੇ ਉਨ੍ਹਾਂ ਸਭਨਾਂ ਦੇ ਪਰਮੇਸ਼ਰ ਦੇ ਤੋਰ ਤੇ ਜੋ ਕਿ ਉਸਦੇ ਪੁੱਤਰ ਤੇ ਵਿਸ਼ਵਾਸ ਕਰਦੇ ਹਨ। ਇਹ ਸੱਚਾਈ ਮੇਰੇ ਮਿਤਰੋ, ਇੱਕ ਗਰੰਟੀ ਹੈ ਕਿ ਮੌਤ ਦੇ ਕੋਲ ਅਖੀਰਲਾ ਸ਼ਬਦ ਨਹੀ ਹੋਵੇਗਾਨਾ ਸਾਡੇ ਵਾਸਤੇ ਅਤੇ ਨਾ ਹੀ ਉਨ੍ਹਾਂ ਵਾਸਤੇ ਜੋ ਕਿ ਸਾਡੇ ਪਿਆਰੇ ਹਨ ਜਿੰਨਾਂ ਨੇ ਯਿਸੂ ਮਸੀਹ ਦੇ ਦੁਆਰਾ ਪਰਮੇਸ਼ਰ ਤੇ ਵਿਸ਼ਵਾਸ ਕੀਤਾ ਹੈ। ਪਰਮੇਸ਼ਰ ਸਦਾ ਤੋਂ ਹੈ ਅਤੇ ਉਹ ਉਨ੍ਹਾਂ ਨੂੰ ਵੀ ਹੋਂਦ ਵਿੱਚ ਰੱਖੇਗਾ ਜੋ ਕਿ ਵਿਸ਼ਵਾਸ ਦੇ ਵਿੱਚ ਮਰੇ ਹਨ। ਅਸੀਂ ਹਿਜੀਕਿਏਲ ਦੀ ਪੁਸਤਕ ਦੇ 37 ਅਧਿਆਏ ਦੇ ਵਿੱਚ ਹੱਡੀਆਂ ਦੀ ਖਾਈ ਦੇ ਵਿੱਚ ਬਹੁਤ ਸੁੰਦਰ ਤਰੀਕੇ ਨਾਲ ਬਿਆਨ ਕੀਤਾ ਗਿਆ ਹੈ। ਇੱਥੇ ਉਨ੍ਹਾਂ ਲੋਕਾਂ ਦੇ ਲਈ ਆਸ ਦੀ ਤਸਵੀਰ ਹੈ ਜਿੰਨਾਂ ਨੂੰ ਪਰਵਾਸ ਦੇ ਵਿੱਚ ਲਿਜਾਇਆ ਗਿਆ ਹੈ। ਉਹ ਉਨ੍ਹਾਂ ਲਾਸ਼ਾਂ ਦੀ ਤਰ੍ਹਾਂ ਸਨ ਜੋ ਕਿ ਘੱਟੇ ਦੇ ਵਿੱਚ ਪਈਆ ਹੋਈਆਂ ਹਨ ਅਤੇ ਉਹ ਪਿੰਜਰ ਬਣ ਕੇ

ਰਹਿ ਗਈਆਂ ਹਨ ਅਤੇ ਇਵੇਂ ਲੱਗਦਾ ਹੈ ਕਿ ਇੰਨਾਂ ਦਾ ਕੁਝ ਵੀ ਨਹੀ ਹੋ ਸਕਦਾ। ਪਰਮੇਸ਼ਰ ਹਿਜਕਿਏਲ ਨਬੀ ਤੋਂ ਪੁੱਛਦਾ ਹੈ, "ਕੀ ਇਹ ਹੱਡੀਆਂ ਜੀ ਸਕਦੀਆਂ ਹਨ?" ਅਤੇ ਹਿਜਕਿਏਲ ਬੜੀ ਸਿਆਣਪ ਦੇ ਨਾਲ ਉੱਤਰ ਦਿੰਦਾ ਹੈ, " ਹੇ ਯਹੋਵਾਹ ਪ੍ਰਭੂ ਸਿਰਫ ਤੂੰ ਹੀ ਜਾਣਦਾ ਹੈਂ!" ਅਤੇ ਉਸਨੇ ਜਲਦੀ ਹੀ ਵੇਖਿਆ ਕਿ ਪਰਮੇਸ਼ਰ ਉਨ੍ਹਾਂ ਹੱਡੀਆਂ ਨੂੰ ਹੋਂਦ ਵਿੱਚ ਲੈ ਆਇਆ ਅਤੇ ਉਹ ਪਿੰਜਰ ਜੀ ਪਏ ਅਤੇ ਉਨ੍ਹਾਂ ਦੇ ਵਿੱਚ ਮਾਸ ਅਤੇ ਲਹੂ ਆ ਗਿਆ। ਇਸ ਲਈ ਇਹ ਇੱਕ ਸ਼ਾਤੀ ਵਾਲੀ ਗੱਲ ਹੈ ਓਨ੍ਹਾਂ ਸਭ ਦੇ ਲਈ ਜੋ ਕਿ ਪਰਮੇਸ਼ਰ ਦੇ ਬੱਚੇ ਹਨ ਕਿ ਮੌਤ ਦੇ ਕੋਲ ਉਨ੍ਹਾਂ ਦੇ ਵਾਸਤੇ ਆਖਰੀ ਸ਼ਬਦ ਨਹੀ ਹੋਵੇਗਾ। ਪਰਮੇਸ਼ਰ ਦੇ ਹਰ ਇੱਕ ਬੱਚੇ ਦੀ ਮੰਜਿਲ ਪੁਨਰ ਜੀ ਉੱਠਣਾ ਹੈ ਜੋ ਕਿ ਯਿਸੂ ਮਸੀਹ ਆਪਣੇ ਪ੍ਰਭੂ ਅਤੇ ਮੁਕਤੀਦਾਤਾ ਤੇ ਭਰੋਸਾ ਕਰਦਾ ਹੈ। ਪ੍ਰਭੂ ਨੇ ਲਾਜ਼ਰ ਨੂੰ ਜਿਵਾ ਕੇ ਇਹ ਵਿਖਾਇਆ ਹੈ ਜੋ ਕਿ ਕਬਰ ਦੇ ਵਿੱਚ ਤਿੰਨ ਦਿਨ ਰਿਹਾ ਸੀ। ਪ੍ਰਭੂ ਦਾ ਜੀ ਉੱਠਣਾ ਇਹ ਗਰੰਟੀ ਹੈ ਕਿ ਵਿਸ਼ਵਾਸੀ ਜੋ ਉਸ ਨਾਲ ਵਿਸ਼ਵਾਸ ਦੇ ਦੁਆਰਾ ਜੁੜੇ ਹੋਏ ਹਨ, ਉਹ ਵੀ ਜੀ ਉੱਠਣਗੇ।

2

# ਪਰਮੇਸ਼ਰ ਸਭ ਚੀਜਾਂ ਜਾਣਦਾ ਹੈ:

ਪਰਮੇਸ਼ਰ ਹਰ ਚੀਜ ਜਾਣਦਾ ਹੈ ਜੋ ਸੰਭਵ ਹੈ ਅਤੇ ਉਹ ਵੀ ਜੋ ਹੋ ਚੁੱਕਾ ਹੈ ਅਤੇ ਸਭ ਚੀਜਾਂ ਜੋ ਬੀਤ ਚੁੱਕੀਆਂ ਹਨ, ਜੋ ਵਰਤਮਾਨ ਹਨ ਅਤੇ ਜੋ ਭਵਿੱਖ ਵਿੱਚ ਹਨ। ਹੇਠ ਲਿਖੇ ਵਚਨਾਂ ਦੇ ਵੱਲ ਵੇਖੋਃ

**ਦਾਨੀਏਲ ੨:੨੨** ਉਹ ਗੂੜ੍ਹ ਭੇਦਾ ਨੂੰ ਪ੍ਰਗਟ ਕਰਦਾ, ਉਹ ਹਨੇਰੇ ਦੀ ਡੂੰਘਾਈ ਦੇ ਰਹੱਸ ਨੂੰ ਜਾਣਦਾ, ਅਤੇ ਉਹ ਚਾਨਣ ਦੇ ਨਾਲ ਚਾਰਾਂ ਪਾਸਿਆਂ ਤੋਂ ਘਿਰਿਆ ਹੋਇਆ ਹੈ।”

**ਇਬਰਾਨੀਆਂ ੪:੧੩** ਇਸ ਸ੍ਰਿਸ਼ਟੀ ਦੀ ਕੋਈ ਵੀ ਚੀਜ਼ ਪਰਮੇਸ਼ਰ ਤੋਂ ਲੁਕੀ ਹੋਈ ਨਹੀਂ ਹੈ। ਉਹ ਜਿਸ ਦੇ ਸਾਹਮਣੇ ਲੇਖਾ ਦੇਣਾ ਹੈ, ਉਸ ਦੀ ਅੱਖਾਂ ਸਾਹਮਣੇ ਹਰ ਚੀਜ਼ਾਂ ਨੰਗੀ ਅਤੇ ਖੁਲ੍ਹੀ ਹੋਈ ਹੈ।”

**ਭਜਨ ੧੩੯:੨-੪** “ਤੂੰ ਮੇਰੇ ਵਿਚਾਰਾਂ ਨੂੰ ਦੂਰੋਂ ਹੀ ਜਾਣ ਜਾਂਦਾ ਹੈ, ਇਥੇ ਤਕ ਕਿ ਤੂੰ ਮੇਰੇ ਉਠੱਣ ਤੇ ਬੈਠਣ ਬਾਰੇ ਵੀ ਜਾਣਦਾ ਹੈਂ। ਮੇਰੇ ਹਰ ਕੰਮ ਅਤੇ ਅਰਾਮ ਬਾਰੇ ਜਾਣਦਾ ਹੈ, ਬੱਲ ਕੀ ਤੂੰ ਮੇਰੇ ਸਭ ਕੰਮ ਦੀ ਜਾਣਕਾਰੀ ਰੱਖਦਾ ਹੈ। ਮੇਰੇ ਬੋਲਨ ਤੋਂ ਪਹਿਲਾਂ ਹੀ, ਤੂੰ ਜਾਣਦਾ ਹੈਂ ਕਿ ਮੈਂ ਕੀ ਕਹਾਂਗਾ।”

**ਹਿਜ਼ਕਿਏਲ ੧੧:੫** "ਪ੍ਰਭੂ ਦੇ ਆਤਮਾ ਨੇ ਮੇਰੇ ਉਤੇ ਅਧਿਕਾਰ ਕਰ ਲਿਆ ਅਤੇ ਪ੍ਰਭੂ ਨੇ ਮੈਨੂੰ ਕਿਹਾ ਕਿ ਮੈਂ ਲੋਕਾਂ ਨੂੰ ਇਹ ਸੰਦੇਸ਼ ਦੇਵਾਂ: "ਇਸਰਾਈਲੀ ਲੋਕੋ ਮੈਂ ਜਾਣਦਾ ਹਾਂ ਕਿ ਤੁਸੀਂ ਕੀ ਕਹਿ ਰਹੇ ਹੋ ਅਤੇ ਕਿਸ ਤਰ੍ਹਾਂ ਦੀਆਂ ਯੋਜਨਾਵਾਂ ਬਣਾ ਰਹੇ ਹੋ।"

ਸਾਡੇ ਕੋਲ ਪੁਰਾਣੇ ਨੇਮ ਦੇ ਵਿੱਚ ਇੱਕ ਘਟਨਾ ਹੈ ਜੋ ਕਿ ਇਸ ਸੱਚਾਈ ਨੂੰ ਬਿਆਨ ਕਰਦੀ ਹੈ ਕਿ ਪਰਮੇਸ਼ਰ ਸਭ ਸੰਭਵ ਚਿਜ਼ਾਂ ਨੂੰ ਭੀ ਜਾਣਦਾ ਹੈ, ਹਾਲਾਂਕਿ ਜੇੜ੍ਹਿਆਂ ਚਿਜ਼ਾ ਨਹੀਂ ਵੀ ਹੋਣਿਆ ਹਨ ਉਹ ਵੀ ਜਾਣਦਾ ਹੈ।

**੧ ਸੈਮੂਏਲ ੨੩:੯-੧੩** ਜਦੋਂ ਦਾਉਦ ਨੂੰ ਪਤਾ ਲੱਗਾ ਕਿ ਸਾਊਲ ਉਸ ਨੂੰ ਫੜਨ ਲਈ ਕਈਲਾਹ ਉਤੇ ਹੱਲਾ ਬੋਲ ਰਿਹਾ ਹੈ ਤਾਂ ਉਸ ਨੇ ਪੁਰੋਹਿਤ ਅਬਯਾਥਾਰ ਨੂੰ ਕਿਹਾ, "ਤੂੰ ਏਫੋਦ ਇਥੇ ਲੈ ਆ।" ਤਦ ਦਾਉਦ ਨੇ ਪ੍ਰਭੂ ਤੋਂ ਪੁਛਿਆ; "ਹੇ ਇਸਰਾਈਲ ਦੇ ਪ੍ਰਭੂ ਪਰਮੇਸ਼ਰ, ਮੈਨੂੰ ਪਤਾ ਲਗਾ ਹੈ ਕਿ ਸਾਊਲ ਤੇਰੇ ਇਸ ਸੇਵਕ ਦੇ ਕਾਰਨ ਇਸ ਸ਼ਹਿਰ ਨੂੰ ਤਬਾਹ ਕਰਨ ਆ ਰਿਹਾ ਹੈ। ਸੋ ਕੀ ਕਈਲਾਹ ਦੇ ਲੋਕ ਮੈਂਨੂੰ ਉਸ ਦੇ ਹੱਥੀ ਸੌਂਪ ਦੇਣਗੇ? ਕੀ ਸਾਉਲ ਸੱਚ ਮੁੱਚ ਇਥੇ ਆ ਰਿਹਾ ਹੈ? ਹੇ ਇਸਰਾਈਲ ਦੇ ਪ੍ਰਭੂ ਪਰਮੇਸ਼ਰ, ਤੁੰ ਮੈਨੁੰ ਉੱਤਰ ਦੇਹ।" ਪ੍ਰਭੂ ਨੇ ਉੱਤਰ ਦਿੱਤਾ, "ਹਾਂ, ਸ਼ਾਉਲ ਆ ਰਿਹਾ ਹੈ।" ਦਾਉਸ ਨੇ ਪੁਛਿਆ, "ਕੀ ਕਈਲਾਹ ਦੇ ਲੋਕ ਮੈਨੂੰ ਉਸ ਦੇ ਹੱਥੀ ਸੌਂਪ ਦੇਣਗੇ? ਪ੍ਰਭੂ ਨੇ ਉੱਤਰ ਦਿਤ, ਹਾਂ ਉਹ ਇਸੇ ਤਰ੍ਹਾਂ ਕਰਨਗੇ।" ਇਸ ਲਈ ਦਾਉਦ ਆਪਣੇ ਕੋਈ ਛੇ ਸੌ ਆਦਮੀਆਂ ਨਾਲ ਕਈਲਾਹ ਨਗਰ ਨੂੰ ਛੱਡ ਕੇ ਅੱਗ ਵੱਧ ਗਿਆ। ਸਾਉਲ ਨੂੰ ਵੀ ਇਸ ਗੱਲ ਦਾ ਪਤਾ ਲਗ ਗਿਆ ਕਿ ਦਾਉਦ ਕਈਲਾਹ ਤੋਂ ਬਚ ਕੇ ਚਲਾ ਗਿਆ ਹੈ, ਤਾਂ ਉਸ ਨੇ ਆਪਣਾ ਕਈਲਾਹ ਨਗਰ ਦਾ ਕੀਤਾ ਘੇਰਾ ਛੱਡ ਦਿੱਤਾ।"

ਯਹੋਵਾਹ ਸ਼ਾਉਲ ਦੇ ਵਿਚਾਰਾਂ ਨੂੰ ਜਾਣਦਾ ਸੀ। ਅਤੇ ਉਹ ਕਈਲਾਹ ਦੇ ਵਿੱਚ ਆ ਕੇ ਦਾਉਦ ਨੂੰ ਮਾਰਨਾ ਚਾਹੁੰਦਾ ਸੀ। ਪ੍ਰਭੂ ਨੇ ਇਹ ਵੀ ਵਿਖਾਇਆ ਕਿ ਲੋਕਾਂ ਤੇ ਭਰੋਸਾ ਗਲਤ ਸਾਬਿਤ ਹੋਵੇਗਾ। ਉਨ੍ਹਾਂ ਦੀ ਜਿੰਦਗੀ ਬਚਾਉਣ ਵਾਸਤੇ ਉਨ੍ਹਾਂ ਨੂੰ ਦਾਉਦ ਨੂੰ ਸ਼ਾਉਲ ਦੇ ਹੱਥਾਂ

ਵਿੱਚ ਸੌਂਪਣਾ ਪੈਣਾ ਸੀ। ਦਾਊਦ ਇਹ ਜਾਣਦਾ ਹੋਇਆ ਸ਼ਹਿਰ ਤੋਂ ਦੌੜ ਗਿਆ ਅਤੇ ਇਸ ਦੀ ਵਜ੍ਹਾ ਨਾਲ ਸ਼ਾਊਲ ਉੱਥੇ ਨਹੀ ਗਿਆ। ਪ੍ਰਭੂ ਯਿਸੂ ਮਸੀਹ ਨੇ ਵੀ ਇਹ ਦੱਸਿਆ ਸੀ ਕਿ ਕੀ ਹੋਵੇਗਾ ਜੇਕਰ ਕੁਝ ਸ਼ਹਿਰਾਂ ਦੇ ਲੋਕਾਂ ਨੇ ਉਸ ਦੇ ਪ੍ਰਚਾਰ ਨੂੰ ਸੁਣਿਆਂ ਹੁੰਦਾ ਅਤੇ ਜਿੰਨਾਂ ਨੇ ਅਸਲ ਵਿੱਚ ਨਹੀ ਸੁਣਿਆ ਸੀ।

**ਮਤੀ ੧੧:੨੦-੨੪** "ਫਿਰ ਯਿਸੂ ਗੁਸੇ ਵਿਚ ਆਕੇ ਉਹਨਾਂ ਨਗਰਾਂ ਬਾਰੇ ਇਸ ਤਰ੍ਹਾਂ ਕਹਿਣ ਲਗੇ, ਜਿਨ੍ਹਾਂ ਵਿਚ ਉਹਨਾਂ ਆਪਣੇ ਬਹੁਤ ਸਾਰੇ ਪਵਿੱਤਰ ਕੰਮ ਕੀਤੇ ਸਨ, ਪਰ ਉਹਨਾਂ ਨਗਰਾਂ ਨੇ ਫਿਰ ਵੀ ਆਪਣੇ ਪਾਪਾਂ ਨੂੰ ਨਾ ਛਡਿਆ। "ਹੇ ਖੁਰਾਜ਼ੀਨ ਦੇ ਲੋਕੋ, ਹੇ ਬੈਤਸੈਦਾ ਦੇ ਲੋਕੋ, ਅਫ਼ਸੋਸ ਹੈ, ਤੁਹਾਡੇ ਸਾਹਮਣੇ ਕੀਤੇ ਜਾਂਦੇ ਤਾ ਉਹ ਬਹੁਤ ਚਿਰ ਪਹਿਲਾਂ ਹੀ ਟਾਟ ਪਹਿਣ ਕੇ ਅਤੇ ਸੁਆਹ ਮੱਲ ਕੇ ਆਪਣੇ ਬੁਰੇ ਕੰਮਾ ਨੂੰ ਛੱਡ ਚੁੱਕੇ ਹੁੰਦੇ। ਇਹ ਯਾਦ ਰੱਖੋ, ਪਰਮੇਸ਼ਰ ਨਿਆਂ ਵਾਲੇ ਦਿੱਨ ਤੁਹਾਡੀ ਬਜਾਏ ਸੂਰ ਅਤੇ ਸੈਦਾ ਦੇ ਲੋਕਾਂ ਉਤੇ ਬਹੁਤੀ ਦਇਆ ਕਰੇਗਾ। ਹੇ ਕਫ਼ਰਨਾਹੂਮ ਦੇ ਲੋਕੋਂ, ਕੀ ਤੁਸੀਂ ਸਵਰਗ ਤਕ ਉਚੇ ਕੀਤੇ ਜਾਉਗੇ? ਨਹੀਂ ਤੁਸੀਂ ਪਤਾਲ ਵਿਚ ਸੁੱਟ ਦਿਤੇ ਜਾਉਗੇ। ਕਿਉਂਕਿ ਜੋ ਅਨੋਖੇ ਕੰਮ ਤੁਹਾਡੇ ਵਿਚ ਕੀਤੇ ਗਏ ਹਨ, ਜੇਕਰ ਇਹ ਹੀ ਸਦੂਮ ਨਗਰ ਵਿਚ ਕੀਤੇ ਜਾਂਦੇ, ਤਾਂ ਉਹ ਅੱਜ ਤਕ ਕਾਇਮ ਰਹਿੰਦਾ। ਇਸ ਲਈ ਇਹ ਯਾਦ ਰੱਖੋ ਪਰਮੇਸ਼ਰ ਨਿਆਂ ਵਾਲੇ ਦਿਨ, ਤੁਹਾਡੀ ਬਜਾਏ ਸਦੂਮ ਨਗਰ ਉਤੇ ਬਹੁਤ ਦਇਆ ਕਰੇਗਾ।"

ਕਿਉਂਕਿ ਪਰਮੇਸ਼ਰ ਸਭ ਗਲ ਗੱਲਾਂ ਜਾਣਦਾ ਹੈ ਭਵਿੱਖ ਦੀਆਂ ਘਟਨਾਵਾਂ ਬਾਰੇ ਅੰਦਾਜਾ ਲਗਾਇਆ ਜਾ ਸਕਦਾ ਹੈ। ਸਾਨੂੰ ਦੱਸਿਆ ਗਿਆ ਹੈ ਕਿ ਯਿਸੂ ਦਾ ਜਨਮ ਬੈਤਲਹਮ ਦੇ ਵਿੱਚ ਹੋਵੇਗਾ ਅਤੇ ਇਹ ਸਦੀਆਂ ਪਹਿਲਾਂ ਦੱਸ ਦਿੱਤਾ ਗਿਆ ਸੀ (ਮੀਕਾ 5:2) ਸਾਨੂੰ ਦੱਸਿਆ ਗਿਆ ਹੈ ਕਿ ਯਿਸੂ ਸਲੀਬ ਤੇ ਮਰੇਗਾ ਅਤੇ ਭਾਵੇਂ ਕਿ ਇਹ ਮੌਤ ਦੀ ਸਜਾ ਦਿੱਤੇ ਜਾਣ ਦਾ ਤਰੀਕਾ ਯਹੂਦੀਆਂ ਦੇ ਦੁਆਰਾ ਇਸਤੇਮਾਲ ਨਹੀ ਸੀ ਕੀਤਾ ਜਾਂਦਾ। ਉਹ ਇੱਕ ਦੋਸ਼ੀ ਨੂੰ ਪੱਥਰ ਮਾਰ ਕੇ ਮਾਰਿਆ ਕਰਦੇ ਸਨ। ਅਸੀਂ ਭਜਨ 22:16 ਵਿੱਚ ਪੜਦੇ ਹਾਂ ਕਿ ਯਿਸੂ ਦੇ ਹੱਥਾ ਅਤੇ ਪੈਰਾਂ ਦੇ ਵਿੱਚ ਕਿੱਲ ਠੋਕੇ ਜਾਣਗੇ।

ਸਾਡੇ ਮਨਾਂ ਦੇ ਵਿੱਚ ਇੱਕ ਸਵਾਲ ਖੜਾ ਹੋ ਸਕਦਾ ਹੈ। ਪਰਮੇਸ਼ਰ ਕਿਵੇਂ ਹਰ ਇੱਕ ਗੱਲ ਨੂੰ ਜਾਣ ਸਕਦਾ ਹੈ। ਜਦ ਪਰਮੇਸ਼ਰ ਨੇ ਮਨੁੱਖ ਨੂੰ ਆਜਾਦ ਮਰਜੀ ਦਿੱਤੀ ਹੈ? ਇਸ ਪ੍ਰਸ਼ਨ ਦਾ ਉੱਤਰ ਮਿਲਦਾ ਹੈ ਜਦ ਅਸੀਂ ਇਹ ਵੇਖਦੇ ਹਾਂ ਕਿ ਪਰਮੇਸ਼ਰ ਮਨੁੱਖ ਅਤੇ ਸਵਰਗਦੂਤਾਂ ਦੇ ਅੰਤਰ ਬਾਰੇ ਕਹਿੰਦੇ ਹਨ। **ਪਹਿਲੀ ਗੱਲ**, ਪਰਮੇਸ਼ਰ ਨੂੰ ਇਹ ਗਿਆਨ ਥੋੜਾ ਥੋੜਾ ਨਹੀ ਮਿਲਦਾ ਹੈ। ਜਿਵੇਂ ਵਚਨ ਵਿੱਚ ਲਿਖਿਆ ਹੈ, "ਆਦ ਤੋਂ ਹੀ ਪਰਮੇਸ਼ਰ ਆਪਣੇ ਸਾਰੇ ਕੰਮਾਂ ਨੂੰ ਜਾਣਦਾ ਸੀ"। (ਰਸੂਲਾਂ ਦੇ ਕਰਤੱਬ 15:18) **ਦੂਸਰੀ ਗੱਲ** ਪਰਮੇਸ਼ਰ ਜਾਣਦਾ ਹੈ ਕਿਉਂਕਿ ਉਸਨੇ ਸਭ ਚੀਜਾਂ ਨੂੰ ਹੋਣ ਦਾ ਹੁਕਮ ਦਿੱਤਾ ਹੈ। ਹੇਠ ਲਿਖੇ ਵਚਨਾਂ ਨੂੰ ਵੇਖੋ:

**ਚੇਲਿਆਂ ਦੇ ਕਰਤੱਬ ੪:੨੭** "ਨਿਰਸੰਦੇਹ, ਤੇਰੇ ਪਵਿੱਤਰ ਦਾਸ ਯਿਸੂ ਦੇ ਵਿਰੁੱਧ, ਜਿਸ ਦਾ ਅਭਿਸ਼ੇਕ ਤੂੰ ਕੀਤਾ ਸੀ, ਇਸ ਸ਼ਹਿਰ ਵਿਚ ਹੇਰੋਦੇਸ ਅਤੇ ਪੁੰਤਿਯੁਸ ਪਿਲਾਤੂਸ, ਪਰਾਈਆਂ ਕੌਮਾਂ ਅਤੇ ਇਸਰਾਈਲ ਦੇ ਲੋਕਾਂ ਨਾਲ ਇਕੱਠੇ ਹੋਏ, 28 ਕਿ ਉਹ ਜੋ ਕੁਝ ਤੇਰੀ ਸ਼ਕਤੀ ਅਤੇ ਮਰਜ਼ੀ ਦੁਆਰਾ ਪਹਿਲਾਂ ਹੀ ਠਹਿਰਾਇਆ ਗਿਆ ਸੀ, ਪੂਰਾ ਕਰਨ।"

**ਰੋਮ ੮:੨੮**"ਅਸੀਂ ਇਹ ਵੀ ਜਾਣਦੇ ਹਾਂ ਕਿ ਉਹ ਜਿਹੜੇ ਪਰਮੇਸ਼ਰ ਨੂੰ ਪਿਆਰ ਕਰਦੇ ਹਨ ਅਤੇ ਉਸ ਦੇ ਉਦੇਸ ਅਨੁਸਾਰ ਸੱਦੇ ਗਏ ਹਨ, ਉਹ ਉਹਨਾਂ ਦੇ ਨਾਲ ਮਿਲਕੇ ਸਭ ਚੀਜ਼ਾ ਦੁਆਰਾ ਭਲਾਈ ਹੀ ਪੈਦਾ ਕਰਦਾ ਹੈ।"

**ਰੋਮ ੮:੨੯** "ਕਿਉਂਕਿ ਜਿਨ੍ਹਾਂ ਨੂੰ ਪਰਮੇਸ਼ਰ ਨੇ ਪਹਿਲਾਂ ਹੀ ਜਾਣ ਲਿਆ, ਉਹਨਾਂ ਨੂੰ ਪਹਿਲੇ ਹੀ ਆਪਣੇ ਪੁੱਤਰ ਦੀ ਤਰ੍ਹਾਂ ਬਣਨ ਦੇ ਲਈ ਵੀ ਨਿਯੁਕਤ ਕਰ ਦਿੱਤਾ ਕਿ ਉਸ ਦਾ ਪੁੱਤਰ ਬਹੁਤਿਆਂ ਭਰਾਵਾਂ ਵਿਚ ਜੇਠਾ ਠਹਿਰੇ।"

**ਤੀਸਰੀ ਗੱਲ** ਪਰਮੇਸ਼ਰ ਸਭ ਕੁਝ ਜਾਣਦਾ ਹੈ, ਕਿਉਂਕਿ ਵਚਨ ਇਹ ਸਾਫ ਕਰਦਾ ਹੈ ਕਿ ਪਰਮੇਸ਼ਰ ਹਰ ਥਾਂ ਤੇ ਹਾਜਰ ਹੈ। (ਭਜਨ 139) ਕੀ ਲੋਕਾਂ ਦੇ ਬੁਰੇ ਕੰਮਾਂ ਦਾ ਪਹਿਲਾਂ ਤੋਂ ਹੀ ਗਿਆਨ ਪਰਮੇਸ਼ਰ ਨੂੰ ਭਰਿਸ਼ਟ ਨਹੀ ਕਰਦਾ ਹੈ? ਬਹੁਤ ਸਾਰੇ ਸੇਵਕ ਸੋਚਦੇ ਹਨ ਕਿ ਉਨ੍ਹਾਂ ਨੂੰ

ਪਤਾ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਲੋਕ ਇੰਟਰਨੈੱਟ ਤੇ ਕੀ ਵੇਖਦੇ ਹਨ, ਅਤੇ ਉਹ ਕਿਹੜੀਆਂ ਗੰਦੀਆਂ ਫਿਲਮਾਂ ਵੇਖਦੇ ਹਨ ਅਤੇ ਉਹ ਕੀ ਅਸ਼ਲੀਲ ਚੀਜਾਂ ਵੇਖਦੇ ਹਨ। ਅਤੇ ਉਹ ਕਿਵੇਂ ਪਾਪ ਕਰਦੇ ਹਨ। ਪਰਮੇਸ਼ਰ ਦਾ ਗਿਆਨ ਬਿਲਕੁਲ ਪਵਿੱਤਰ ਹੈ। ਜਿਵੇਂ ਇੱਕ ਕਿਰਨ ਭਰਿਸ਼ਟ ਨਹੀ ਹੁੰਦੀ ਜਦ ਉਹ ਇੱਕ ਗੰਦੇ ਕਮਰੇ ਦੇ ਵਿੱਚ ਪੈਂਦੀ ਹੈ, ਇਸੇ ਤਰਾਂ ਪਰਮੇਸ਼ਰ ਵੀ ਪਵਿੱਤਰ ਹੀ ਰਹਿੰਦਾ ਹੈ ਜਦ ਉਹ ਆਪਣੇ ਲੋਕਾਂ ਦੇ ਗੰਦੇ ਕੰਮਾਂ ਨੂੰ ਵੇਖਦਾ ਹੈ।

ਇਸ ਸੱਚਾਈ ਵਿੱਚੋਂ ਕਿ ਪਰਮੇਸ਼ਰ ਸਭ ਕੁਝ ਜਾਣਦਾ ਹੈ, ਕਿਹੜੇ ਵਿਵਹਾਰਿਕ ਸਬਕ ਸਿੱਖੇ ਜਾ ਸਕਦੇ ਹਨ?

ਪਹਿਲੀ ਗੱਲ ਇਸ ਗੱਲ ਨੂੰ ਪਛਾਣੋ ਕਿ ਅਸੀਂ ਪਰਮੇਸ਼ਰ ਤੋਂ ਕੁਝ ਵੀ ਲੁਕਾ ਨਹੀ ਸਕਦੇ ਹਾਂ। ਲੋਕ ਬੜੀ ਮੂਰਖਤਾ ਭਰੀ ਸੋਚ ਰੱਖਦੇ ਹਨ ਕਿ ਮੈਂ ਹਨ੍ਹੇਰੇ ਦੀ ਚਾਦਰ ਦੇ ਪਿੱਛੇ ਕੁਝ ਕਰ ਸਕਦਾ ਹਾਂ ਅਤੇ ਪਰਮੇਸ਼ਰ ਨੂੰ ਪਤਾ ਵੀ ਨਹੀ ਲੱਗੇਗਾ। ਪਰ ਉਹ ਇਹ ਭੁੱਲ ਜਾਂਦੇ ਹਨ ਕਿ ਉਸ ਪਰਮੇਸ਼ਰ ਦੇ ਅੱਗੇ ਹਨ੍ਹੇਰਾ ਵੀ ਚਾਨਣ ਹੈ। " ਜਾਣੋ ਭਈ ਤੁਹਾਡਾ ਪਾਪ ਤੁਹਾਨੂੰ ਲੱਭ ਲਵੇਗਾ" (ਗਿਣਤੀ 32:23)।

ਦੂਸਰੀ ਗੱਲ ਹੈ ਕਿ ਪਖੰਡ ਦੀ ਮੂਰਖਤਾ ਨੂੰ ਵੇਖੋ। ਕਿੰਨੇ ਲੋਕ ਆਰਾਧਨਾ ਵਾਲੀ ਥਾਂ ਤੇ ਜਾਂਦੇ ਹਨ ਅਤੇ ਉਨ੍ਹਾਂ ਅੰਦਰ ਪਰਮੇਸ਼ਰ ਦੀ ਕੋਈ ਸੋਚ ਨਹੀ ਹੁੰਦੀ ਹੈ, ਪਰ ਉਹ ਇੱਕ ਦਿਖਾਵਾ ਕਰਦੇ ਹਨ ਜਿਵੇਂ ਪਰਮੇਸ਼ਰ ਉਨ੍ਹਾਂ ਦੇ ਦਿਲਾਂ ਨੂੰ ਵੇਖ ਨਹੀ ਸਕਦਾ ਹੈ।

ਤੀਸਰੀ ਗੱਲ, ਇਹ ਗੱਲ ਨੂੰ ਜਾਣਦੇ ਹੋਏ ਕਿ ਪਰਮੇਸ਼ਰ ਸਭ ਕੁਝ ਜਾਣਦਾ ਹੈ, ਸਾਨੂੰ ਇਸ ਪ੍ਰੇਰਣਾ ਦੇ ਨਾਲ ਕੰਮ ਕਰਨਾ ਚਾਹੀਦਾ ਹੈ ਕਿ ਜੋ ਕੁਝ ਵੀ ਅਸੀਂ ਕਰਦੇ ਹਾਂ ਉਹ ਪਰਮੇਸ਼ਰ ਦੀ ਹਜੂਰੀ ਦੇ ਵਿੱਚ ਕਰਦੇ ਹਾਂ। ਕੀ ਅਸੀਂ ਜੋ ਕੰਮ ਕਰਦੇ ਹਾਂ, ਕਰਾਂਗੇ ਜੇ ਅਸੀਂ ਜਾਣਦੇ ਹਾਂ ਕਿ ਸਾਡੇ ਬੱਚੇ ਸਾਨੂੰ ਵੇਖ ਰਹੇ ਹਨ? ਫਿਰ ਸਾਨੂੰ ਕਿਵੇਂ ਕੰਮ ਕਰਨਾ ਚਾਹੀਦਾ ਹੈ ਅਤੇ ਸੋਚਣਾ ਚਾਹੀਦਾ ਹੈ ਜਦ ਅਸੀਂ ਜਾਣਦੇ ਹਾਂ ਕਿ ਪਰਮੇਸ਼ਰ ਵੇਖ ਰਿਹਾ ਹੈ?

ਚੌਥੀ ਗੱਲ, ਜੇਕਰ ਪਰਮੇਸ਼ਰ ਸਭ ਕੁਝ ਜਾਣਦਾ ਹੈ ਤਾਂ ਇਹ ਪਰਮੇਸ਼ਰ ਦੇ ਬੱਚਿਆ ਦੇ ਵਾਸਤੇ ਦੁੱਖਾਂ ਦੇ ਵਿੱਚ ਕਿੰਨੀ ਤਸੱਲੀ ਦੀ ਗੱਲ ਹੈ। ਉਹ ਸਭ ਕੁਝ ਵੇਖਦਾ ਹੈ ਅਤੇ ਸਾਡੇ ਹਾਲਾਤ ਪੂਰੀ ਤਰਾਂ ਉਸਦੇ ਕੰਟਰੋਲ ਦੇ ਵਿੱਚ ਹਨ। ਆਉ ਅਸੀਂ ਵੀ ਇਸ ਗੁਣ ਤੋਂ ਹੋਂਸਲਾ ਲਈਏ ਜਿਵੇਂ ਅੱਯੂਬ ਨੇ ਕੀਤਾ ਜਦ ਉਸ ਨੇ ਕਿਹਾ, "ਪਰ ਉਹ ਮੇਰੇ ਰਾਹਾਂ ਨੂੰ ਜਾਣਦਾ ਹੈ ਜੋ ਮੈਂ ਲੈਂਦਾ ਹਾਂ"। (ਅੱਯੂਬ 23:10)

ਇੱਕ ਵਾਰ ਫਿਰ ਤੋਂ ਇਹ ਗੁਣ ਸਾਨੂੰ ਡਰ ਵੱਲ ਲੈ ਜਾਂਦਾ ਹੈ ਕਿਉਂਕਿ ਅਸੀਂ ਸਭ ਨੇ ਇਹੋ ਜਿਹੇ ਪਰਮੇਸ਼ਰ ਦੇ ਵਿਰੋਧ ਵਿੱਚ ਪਾਪ ਕੀਤਾ ਹੈ। ਸਿਰਫ ਇਹ ਗਿਆਨ ਕਿ ਪਰਮੇਸ਼ਰ ਨੇ ਇੱਕ ਏਵਜੀ ਦਿੱਤਾ ਹੈ ਕਿ ਉਹ ਸਾਡੇ ਪਾਪਾਂ ਨੂੰ ਆਪਣੇ ਉੱਪਰ ਲੈ ਲਵੇ ਅਤੇ ਸਾਡੀ ਸਜ਼ਾ ਸਹਿਣ ਕਰ ਲਵੇ ਅਤੇ ਸਾਡੇ ਲਈ ਚੈਨ ਲੈ ਆਵੇਗਾ  ਜਦ ਅਸੀਂ ਯਿਸੂ ਮਸੀਹ ਦੀ ਪਨਾਹ ਵਿੱਚ ਦੋੜ ਕੇ ਆ ਜਾਂਦੇ ਹਾਂ। ਖੁਸ਼ਖਬਰੀ ਇੱਕ ਹੀ ਦਵਾਈ ਹੈ ਜਦ ਅਸੀਂ ਇਹ ਸਮਝਦੇ ਹਾਂ ਕਿ ਪਰਮੇਸ਼ਰ ਸਾਡੀਆਂ ਸਭ ਗਲਤ ਗੱਲਾਂ ਨੂੰ ਜਾਣਦਾ ਹੈ ਅਤੇ ਅਸੀਂ ਪੂਰੀ ਤਰਾਂ ਦੋਸ਼ੀ ਹਾਂ, ਪਰ ਜੇਕਰ ਕੋਈ ਹੋਰ ਸਾਡੀ ਸਜ਼ਾ ਲੈ ਲਵੇ ਤਾਂ ਅਸੀਂ ਬੱਚ ਸਕਦੇ ਹਾਂ। ਧੰਨਵਾਦ ਹੋਵੇ ਪਰਮੇਸ਼ਰ ਦਾ  ਕਿ ਉਸ ਨੇ ਸਾਨੂੰ ਆਪਣੇ ਪੁੱਤਰ ਵਿੱਚ ਇਹੋ ਜਿਹਾ ਮੁਕਤੀਦਾਤਾ ਦਿੱਤਾ ਹੈ।

**੨ ਕੁਰਿੰਥੀਆਂ ੫:੨੧** "ਮਸੀਹ ਬਿਲਕੁਲ ਪਾਪ ਰਹਿਤ ਸੀ, ਪਰ ਫਿਰ ਵੀ ਪਰਮੇਸ਼ਰ ਨੇ ਉਸ ਨੂੰ ਸਾਡੇ ਖ਼ਾਤਰ ਸਾਡੇ ਪਾਪਾਂ ਦਾ ਭਾਗੀ ਬਣਾਇਆ ਕਿ ਉਸ ਦੇ ਰਾਹੀਂ ਅਸੀਂ ਪਰਮੇਸ਼ਰ ਦੀ ਭਲਾਈ ਦੇ ਭਾਗੀ ਬਣੀਏ।"

# ੩

# ਪਰਮੇਸ਼ਰ ਸਭ ਤੋਂ ਬੁੱਧੀਮਾਨ ਹੈ:

ਪਰਮੇਸ਼ਰ ਦੇ ਕੋਲ ਹੀ ਸਭ ਬੁੱਧ ਹੈ। ਇਸ ਲਈ 1 ਤਿਮੋਥਿਉਸ 1:17 ਦੇ ਵਿੱਚ ਉਸ ਨੂੰ "ਬੁੱਧੀਮਾਨ ਪਰਮੇਸ਼ਰ" ਕਿਹਾ ਗਿਆ ਹੈ। ਹੁਣ ਪਰਮੇਸ਼ਰ ਦੇ ਨੈਤਿਕ ਗੁਣ ਇੱਕ ਮਨੁੱਖ ਦੇ ਦੁਆਰਾ ਨਕਲ ਨਹੀ ਕੀਤੇ ਜਾ ਸਕਦੇ। ਮਨੁੱਖ ਕੁਝ ਗੱਲਾਂ ਦੇ ਵਿੱਚ ਸਿਆਣੇ ਹੋ ਸਕਦੇ ਹਨ, ਅਤੇ ਉਹ ਦੂਸਰੀਆਂ ਗੱਲਾਂ ਦੇ ਵਿੱਚ ਮੂਰਖਤਾ ਦੇ ਨਾਲ ਵਿਵਹਾਰ ਕਰਦੇ ਹਨ। ਪਰ ਪਰਮੇਸ਼ਰ ਪੂਰੀ ਤਰਾਂ ਬੁੱਧੀਮਾਨ ਹੈ। ਪਰਮੇਸ਼ਰ ਦੀ ਬੁੱਧ ਤਿੰਨ ਖੇਤਰਾਂ ਦੇ ਵਿੱਚ ਦਿਖਾਈ ਗਈ ਹੈ।

ਪਹਿਲੀ ਗੱਲ ਪਰਮੇਸ਼ਰ ਦੀ ਬੁੱਧ ਸ੍ਰਿਸਟੀ ਦੇ ਵਿੱਚ ਨਜ਼ਰ ਆਉਂਦੀ ਹੈ। ਥੋਮਸ ਵਾਟਸਨ ਨੇ ਲਿਖਿਆ ਹੈ:

> ਅਸੀਂ ਪਰਮੇਸ਼ਰ ਦੀ ਜਲਾਲੀ ਬੁੱਧ ਨੂੰ ਚਮਕਦੇ ਸੂਰਜ ਵਿੱਚ ਵੇਖ ਸਕਦੇ ਹਾਂ, ਟਿਮਟਿਮਾਉਂਦੇ ਤਾਰਿਆਂ ਵਿੱਚ ਵੇਖ ਸਕਦੇ ਹਾਂ, ਜੇਕਰ ਸੂਰਜ ਥੋੜਾ ਜਿਹਾ ਵੀ ਹੇਠਾਂ ਹੁੰਦਾ ਤਾਂ ਅਸੀਂ ਜਲ ਜਾਣਾ ਸੀ, ਜੇਕਰ ਇਹ ਉੱਚਾ ਹੁੰਦਾ ਤਾਂ ਇਹ ਸਾਨੂੰ ਨਿੱਘ ਨਾ ਦੇ ਪਾਉਂਦਾ। ਜੇਕਰ ਹਰ ਵੇਲੇ ਗਰਮੀ ਰਹਿੰਦੀ ਤਾਂ ਗਰਮੀ ਸਾਨੂੰ ਸਾੜ ਦਿੰਦੀ, ਜੇਕਰ ਹਰ ਵੇਲੇ ਸਰਦੀ ਰਹਿੰਦੀ ਤਾਂ ਉਹ ਸਾਨੂੰ ਖਤਮ ਕਰ ਦਿੰਦੀ। ਪਰਮੇਸ਼ਰ ਦੀ ਹਨ੍ਹੇਰੇ ਅਤੇ ਚਾਨਣ ਨੂੰ ਅਲੱਗ ਅਲੱਗ ਕਰਦੀ ਹੈ। ਜੇਕਰ ਹਰ ਵੇਲੇ ਰਾਤ

ਹੀ ਰਹਿੰਦੀ ਤਾਂ ਕਪਈ ਮਿਹਨਤ ਨਹੀ ਸੀ ਹੋਣੀ। ਜੇਕਰ ਹਰ ਵੇਲੇ ਦਿਨ ਹੀ ਰਹਿੰਦਾ ਤਾਂ ਕੋਈ ਵੀ ਆਰਾਮ ਨਹੀ ਸੀ ਮਿਲਣਾ। ਇੰਨ੍ਹਾਂ ਸਭ ਵਸਤਾਂ ਨੂੰ ਲਿਆਉਣ ਦੇ ਵਿੱਚ ਬੱਧ ਨਜ਼ਰ ਆਉਂਦੀ ਹੈ। ਜਿਵੇਂ ਕਿ ਧਰਤੀ ਦੇ ਨਾਲ ਸਮੁੰਦਰ ਹੈ। ਜੇਕਰ ਇਹ ਸਮੁੰਦਰ ਹੀ ਹੁੰਦਾ ਤਾਂ ਅਸੀਂ ਰੋਟੀ ਮੰਗਣੀ ਸੀ, ਜੇਕਰ ਸਾਰੀ ਧਰਤੀ ਹੀ ਹੁੰਦੀ ਤਾਂ ਅਸੀਂ ਪਾਣੀ ਮੰਗਣਾ ਸੀ....'' ਭਜਨ 104:24 ''ਹੇ ਪ੍ਰਭੂ ਤੇਰੇ ਕੰਮ ਕਿੰਨੇ ਮਹਾਨ ਹਨ! ਆਪਣੀ ਬੁੱਧ ਦੇ ਦੁਆਰਾ ਤੂੰ ਸਭ ਕੁਝ ਰਚਿਆ ਹੈ।''1

ਦੂਸਰੀ ਗੱਲ ਪਰਮੇਸ਼ਰ ਦੇ ਪ੍ਰਯੋਜਨ ਦੇ ਵਿੱਚ ਪਰਮੇਸ਼ਰ ਦੀ ਬੁੱਧ ਨਜ਼ਰ ਆਉਂਦੀ ਹੈ। ਪਰਮੇਸ਼ਰ ਆਪਣੀ ਬੁੱਧ ਨੂੰ ਇਸ ਗੱਲ ਦੇ ਦੂਆਰਾ ਪ੍ਰਗਟ ਕਰਦਾ ਹੈ ਕਿ ਉਹ ਸੰਸਾਰ ਦੇ ਕਮਜੋਰਾਂ ਨੂੰ ਇਸਤੇਮਾਲ ਕਰਦਾ ਹੈ ਕਿ ਉਹ ਮਾਹਾਨ ਕੰਮਾਂ ਦੀ ਪ੍ਰਾਪਤੀ ਕਰੇ। ਪਰਮੇਸ਼ਰ ਨੇ ਇਸਰਾਏਲੀਆਂ ਨੂੰ ਜੋ ਕਿ ਸੱਪ ਦੇ ਦੁਆਰਾ ਡੱਸੇ ਗਏ ਸਨ, ਇੱਕ ਪਿੱਤਲ ਦੇ ਸੱਪ ਨੂੰ ਖੰਭੇ ਤੇ ਟੰਗ ਕੇ ਬਚਾ ਲਿਆ। (ਗਿਣਤੀ 21:4-9) ਅਸੀਂ ਵੇਖਦੇ ਹਾਂ ਕਿ ਪਰਮੇਸ਼ਰ ਨੇ ਆਪਣੀ ਬੁੱਧ ਦੇ ਦੁਆਰਾ ਗਿਦੋਨ ਦੀ ਸੈਨਾ ਨੂੰ 32000 ਤੋਂ ਘਟਾ ਕੇ 300 ਕਰ ਦਿੱਤਾ ਤਾਂ ਕਿ ਪਰਮੇਸ਼ਰ ਨੂੰ ਮਹਿਮਾ ਮਿਲ ਜਾਵੇ। (ਨਿਆਈਆਂ 7) ਪਰਮੇਸ਼ਰ ਦੀ ਬੁੱਧ ਦਾ ਪ੍ਰਗਟਾਵਾ ਉਦੋਂ ਹੁੰਦਾ ਹੈ ਜਦ ਪਰਮੇਸ਼ਰ ਨੇ ਦੁਸ਼ਟ ਲੋਕਾਂ ਦਾ ਇਸਤੇਮਾਲ ਕੀਤਾ ਕਿ ਉਹ ਪਰਮੇਸ਼ਰ ਦੇ ਕੰਮ ਨੂੰ ਪੂਰਾ ਕਰਨ ਜਦ ਯੂਸਫ ਦੇ ਭਰਾਵਾਂ ਨੇ ਉਸ ਨੂੰ ਮਿਦਾਨੀਆਂ ਦੇ ਹੱਥੀਂ ਵੇਚ ਦਿੱਤਾ। ਯੂਸਫ ਮਿਸਰ ਦੇ ਵਿੱਚ ਦੂਸਰੇ ਥਾਂ ਤੇ ਸ਼ਾਸਕ ਬਣ ਗਿਆ ਅਤੇ ਉਹ ਆਪਣੇ ਪਰਿਵਾਰ ਨੂੰ ਬਚਾਉਣ ਵਾਲਾ ਵੀ ਬਣ ਗਿਆ। (ਉਤਪਤ 39-50)।

ਤੀਸਰੇ ਨੰਬਰ ਤੇ ਪਰਮੇਸ਼ਰ ਦੀ ਬੁੱਧ ਛੁਟਕਾਰੇ ਦੇ ਕੰਮ ਦੀ ਪੂਰਤੀ ਦੇ ਵਿੱਚ ਚਮਕਦੀ ਹੈ। ਕਿਸ ਨੇ ਇਨਸਾਨ ਨੂੰ ਪਰਮੇਸ਼ਰ ਦੇ ਕ੍ਰੋਧ ਤੋਂ ਬਚਾਉਣ ਦਾ ਕੋਈ ਹੱਲ ਕੱਢਿਆ ਹੋਵੇਗਾ ਜਦ ਸਾਰੇ ਦੇ ਸਾਰੇ ਹੀ ਦੋਸ਼ੀ ਸਨ। ਕਿਵੇਂ ਪਰਮੇਸ਼ਰ ਧਰਮੀ ਰਹਿ ਕੇ ਪਾਪੀਆਂ ਨੂੰ ਬਚਾ ਸਕਦਾ ਸੀ ? ਇਹ ਉਹ ਪ੍ਰਸਨ ਸਨ ਜਿੰਨਾਂ ਦਾ ਉੱਤਰ ਕੋਈ ਸਵਰਗ ਦੂਤ ਨਹੀ ਸੀ ਦੇ ਸਕਦਾ। ਫਿਰ ਵੀ ਪਰਮੇਸ਼ਰ ਦੀ ਸਤੁਤੀ ਹੋਵ ਕਿ ਉਹ ਆਪਣੇ

ਨਿਆਂ ਨੂੰ ਵੀ ਦਿਖਾਵੇ ਅਤੇ ਆਪਣੀ ਦਯਾ ਨੂੰ ਵੀ ਮਹਿਮਾ ਦੇ ਨਾਲ ਦਿਖਾਵੇ। ਪਰਮੇਸ਼ਰ ਖੁੱਦ ਇੱਕ ਮਨੁੱਖ ਬਣ ਗਿਆ ਕਿ ਉਹ ਸਜ਼ਾ ਨੂੰ ਲੈ ਸਕੇ ਅਤੇ ਅਤੇ ਉਹ ਇਸ ਤਰੀਕੇ ਨਾਲ ਦਯਾ ਨੂੰ ਵਿਖਾ ਸਕੇ। ਅਸੀਂ ਪਰਮੇਸ਼ਰ ਦੀ ਬੁੱਧ ਨੂੰ ਵੇਖਦੇ ਹਾਂ ਜਿਸ ਤਰੀਕੇ ਦੇ ਨਾਲ ਪਰਮੇਸ਼ਰ ਨੇ ਸ਼ੈਤਾਨ ਨੂੰ ਹਰਾਇਆ। ਇਹ ਮਰਨਾ ਸੀ ਜਿਸਦੇ ਦੁਆਰਾ ਮੌਤ ਨੂੰ ਹਾਰ ਦਾ ਸਵਾਦ ਚੱਖਣਾ ਪਿਆ। ਸ਼ੇਤਾਨ ਨੇ ਆਦਮ ਅਤੇ ਹਵਾ ਨੂੰ ਭਰਮਾ ਕੇ ਮੌਤ ਨੂੰ ਪਰਮੇਸ਼ਰ ਦੇ ਸਿੱਧ ਫਿਰਦੋਸ਼ ਵਿੱਚ ਲੈ ਆਇਆ। ਪਰਮੇਸ਼ਰ ਨੇ ਮੌਤ ਦੇ ਡੰਗ ਨੂੰ ਆਪਣੇ ਸ਼ਰੀਰ ਤੇ ਲੈ ਕੇ ਸ਼ੈਤਾਨ ਨੂੰ ਹਰਾਇਆ, ਇਸ ਤਰੀਕੇ ਨਾਲ ਮੌਤ ਨੂੰ ਮੌਤ ਨੇ ਹਰਾ ਦਿੱਤਾ। ਭਲੇ ਅਤੇ ਬੁਰੇ ਦੀ ਪਛਾਣ ਦੇ ਰੁੱਖ ਦੇ ਦੁਆਰਾ ਮੌਤ ਆਈ ਸੀ, ਕਿਉਂਕਿ ਮਨੁੱਖ ਨੇ ਅਣਆਗਿਆਕਾਰੀ ਕਰ ਕੇ ਉਹ ਮਨਾਹੀ ਦੇ ਰੁੱਖ ਤੋਂ ਖਾ ਲਿਆ। ਅਤੇ ਇੱਕ ਸਲੀਬ ਦੇ ਰੁੱਖ ਦੇ ਦੁਆਰਾ ਮੌਤ ਉੱਪਰ ਜਿੱਤ ਆਈ। ਕਿਉਂਕਿ ਮਨੁੱਖ ਨੇ ਸ਼ੈਤਾਨ ਦੇ ਝੂਠ ਤੇ ਵਿਸ਼ਵਾਸ ਕੀਤਾ ਇਸ ਕਰਕੇ ਪਾਪ ਇਸ ਸੰਸਾਰ ਦੇ ਵਿੱਚ ਆਇਆ। ਮਨੁੱਖ ਦੇ ਪ੍ਰਭੂ ਯਿਸੂ ਤੇ ਮੁਕਤੀਦਾਤਾ ਦੇ ਤੌਰ ਤੇ ਵਿਸ਼ਵਾਸ ਕਰਨ ਦੇ ਦੁਆਰਾ ਮੁਕਤੀ  ਆਈ।

ਇਹ ਵਾਲਾ ਗੁਣ ਪਰਮੇਸ਼ਰ ਦੇ ਲੋਕਾਂ ਨੂੰ ਕਿਵੇਂ ਤਸੱਲੀ ਦਿੰਦਾ ਹੈ। ਪਹਿਲੀ ਗੱਲ, ਜੇਕਰ ਅਸੀਂ ਪਰਮੇਸ਼ਰ ਨੂੰ ਇਹ ਸਮਝਦੇ ਹਾਂ ਕਿ ਉਹ ਸਭ ਤੋਂ ਬੁੱਧੀਮਾਨ ਹੈ ਤਾਂ ਅਸੀਂ ਬਿਨਾਂ ਕੁੜਕੁੜਾਏ ਉਸਦੀ ਅਧੀਨਤਾ ਦੇ ਵਿੱਚ ਜਾਵਾਂਗੇ।  ਪਿਆਰਿਉ ਪਰਮੇਸ਼ਰ ਸਾਡੇ ਵਾਸਤੇ ਇਹ ਬਿਲਕੁਲ ਮਿਣ ਕੇ ਰੱਖਦਾ ਹੈ ਕਿ ਸਾਡੇ ਲਈ ਕੀ ਭਲਾ ਹੈ ਅਤੇ ਇਥੋਂ ਤੱਕ ਕਿ ਉਹ ਸਾਡੇ ਲਏ ਪੀੜ ਅਤੇ ਦੁੱਖ ਵੀ ਮਾਪਦਾ ਹੈ। ਅਸੀਂ ਸਭ ਤੋਂ ਜਿਆਦਾ ਇਹ ਅਧੀਨਤਾ ਆਪਣੇ ਮੁਕਤੀਦਾਤਾ ਦੇ ਜੀਵਨ ਵਿੱਚ ਵੇਖਦੇ ਹਾਂ ਜਦ ਉਸਦਾ ਪਸੀਨਾ ਲਹੂ ਬਣ ਕੇ ਗਤਸਮਨੀ ਦੇ ਬਾਗ ਵਿੱਚ ਚੋ ਰਿਹਾ ਸੀ, ਉਸ ਨੇ ਕਿਹਾ, “ਹੇ ਪਿਤਾ ਮੈਂ ਚਾਹੁੰਦਾ ਹਾਂ ਕਿ ਇਹ ਪਿਆਲਾ ਮੇਰੇ ਤੋਂ ਟਲ ਜਾਵੇ, ਪਰ ਫਿਰ ਵੀ ਮੇਰੀ ਨਹੀ ਤੇਰੀ ਮਰਜ਼ੀ ਪੂਰੀ ਹੋਵੇ”  । ਮਤੀ 26:42)

ਪਰਮੇਸ਼ਰ ਦੀ ਬੁੱਧ ਸਾਡੀਆਂ ਹਾਰਾਂ ਵਿੱਚ ਸਾਨੂੰ ਤਸੱਲੀ ਦੇ ਸਕੇ। ਜੇਕਰ ਅਸੀਂ ਇਹ ਸੰਸਾਰ ਦੇ ਵਿੱਚ ਲੰਬੇ ਸਮੇਂ ਤੱਕ ਰਹਿੰਦੇ ਹਾਂ ਤਾਂ ਅਸੀਂ ਕਿਸੇ ਪ੍ਰਿਯਜਨ ਦੀ ਘਾਟ ਨੂੰ ਝੱਲਾਂਗੇ ਇਹ ਪਤੀ ਹੋ ਸਕਦਾ

ਹੈ, ਬੇਟਾ, ਜਾਂ ਬੇਟੀ ਜਾਂ ਕੋਈ ਪਿਆਰਾ ਮਿੱਤਰ ਹੋ ਸਕਦਾ ਹੈ। ਜਿਵੇਂ ਵਾਟਸਨ ਲਿਖਦਾ ਹੈ:

“ ਪਰਮੇਸ਼ਰ ਇੰਨਾਂ ਨੂੰ ਦੂਰ ਲੈ ਜਾਂਦਾ ਹੈ ਤਾਂ ਕਿ ਉਸ ਨੂੰ ਸਾਡਾ ਹੋਰ ਵੀ ਪਿਆਰ ਮਿਲ ਸਕੇ। ਉਹ ਸਾਡੀਆਂ ਵਿਸਾਖੀਆਂ ਨੂੰ ਇਸ ਲਈ ਤੋੜਦਾ ਹੈ ਤਾਂ ਕਿ ਅਸੀਂ ਵਿਸ਼ਵਾਸ ਦੇ ਦੁਆਰਾ ਉਸਦੇ ਲਈ ਜੀ ਸਕੀਏ। ਪਰਮੇਸ਼ਰ ਸਾਨੂੰ ਵਿਸਾਖੀਆਂ ਤੋਂ ਬਿਨਾਂ ਜੀਣਾ ਸਿਖਾਉਣਾ ਚਾਹੁੰਦਾ ਹੈ”।2

ਸਾਨੂੰ ਸਭ ਨੂੰ ਬੁੱਧ ਦੀ ਘਾਟ ਹੈ। ਇਸ ਤੋਂ ਵਧੀਆ ਕਿਹੜਾ ਸਾਧਨ ਹੋ ਸਕਦਾ ਹੈ ਜਿਸਦੇ ਵੱਲ ਅਸੀਂ ਮੁੜੀਏ  ਜੋ ਕਿ ਹਰ ਪ੍ਰਕਾਰ ਦੀ ਬੁੱਧ ਦਾ ਸੋਮਾ ਹੈ। ਪਰਮੇਸ਼ਰ ਖੁਸ਼ੀ ਦੇ ਨਾਲ ਸਾਡੇ ਅੰਦਰ ਆਪਣੀ ਬੁੱਧ ਨੂੰ ਪਾਉਣਾ ਚਾਹੁੰਦਾ ਹੈ। ਸਾਡੇ ਕੋਲ ਪੁਰਾਣੇ ਨੇਮ ਵਿੱਚ ਇੱਕ ਬਹੁਤ ਵਧੀਆ ਉਦਹਾਰਣ ਹੈ ਜਿੱਥੇ ਸੁਲੇਮਾਨ ਨੇ ਪਰਮੇਸ਼ਰ ਤੋਂ ਬੁੱਧ ਮੰਗਦਾ ਹੈ:

**੧ ਰਾਜਾ ੩:੯** ਇਸ ਲਈ ਪ੍ਰਭੂ, ਤੂੰ ਆਪਣੇ ਇਸ ਦਾਸ ਨੂੰ ਇਹੋ ਜਹੀ ਬੁੱਧ ਦੇਹ, ਜਿਸ ਨਾਲ ਮੈਂ ਬੁਰੇ ਭਲੇ ਦੀ ਪਛਾਣ ਕਰ ਸਕਾਂ, ਕਿਉਂਕਿ ਤੇਰੇ ਇਨ੍ਹਾਂ ਅਣਗਿਣਤ ਲੋਕਾਂ ਉਤੇ ਕੌਣ ਰਾਜ ਸਕਦਾ ਹੈ।”

ਪਰਮੇਸ਼ਰ ਨੇ ਸਿਰਫ ਉਸ ਨੂੰ ਬੁੱਧ ਹੀ ਨਹੀ ਦਿੱਤੀ ਬਲਕਿ ਉਸ ਨੂੰ ਧਨ ਦੋਲਤ ਵੀ ਇਸਦੇ ਨਾਲ ਦਿੱਤੀ। ਆਉ ਅਸੀਂ ਉਤਸ਼ਾਹਿਤ ਹੋ ਕੇ ਪਰਮੇਸ਼ਰ ਦੇ ਅੱਗੇ ਪ੍ਰਾਥਨਾ ਕਰੀਏ ਕਿ ਉਹ ਸਾਨੂੰ ਬੁੱਧ ਦੇਵੇ। ਯਾਕੂਬ ਲਿਖਦਾ ਹੈ, “ਜੇਕਰ ਕਿਸੇ ਨੂੰ ਬੁੱਧ ਦੀ ਘਾਟ ਹੈ ਤਾਂ ਉਹ ਪਰਮੇਸ਼ਰ ਤੋਂ ਮੰਗੇ, ਜੋ ਕਿ ਖੁੱਲੇ ਦਿਲ ਦੇ ਨਾਲ ਬਿਨਾਂ ਉਲਾਹਮੇ ਦੇ ਦਿੰਦਾ ਹੈ” (ਯਾਕੂਬ 1:5)।

# 4

# ਪਰਮੇਸ਼ਰ ਸਰਬਸ਼ਕਤੀਮਾਨ ਹੈ:

ਇੱਕ ਮੂਰਖ ਦੇ ਹੱਥ ਦੇ ਵਿੱਚ ਗਿਆਨ ਬਹੁਤ ਖਤਰਨਾਕ ਸਿੱਧ ਹੋ ਸਕਦਾ ਹੈ। ਪਰਮੇਸ਼ਰ ਸਿਰਫ ਸਭ ਚੀਜਾਂ ਨੂੰ ਜਾਣਦਾ ਹੀ ਨਹੀ ਹੈ, ਪਰ ਉਸਦਾ ਗਿਆਨ ਸਿਰਫ ਸਿਆਣੇ ਲੋਕਾਂ ਦੇ ਕੋਲ ਹੀ ਜਾਂਦਾ ਹੈ। ਇਹ ਸੰਭਵ ਹੈ ਕਿ ਕਿਸੇ ਦੇ ਕੋਲ ਗਿਆਨ ਅਤੇ ਬੁੱਧ ਦੋਵੇਂ ਹੋਣ ਪਰ ਉਸ ਕੋਲ ਉਹ ਤਾਕਤ ਨਾ ਹੋਵੇ ਜਿਸ ਦੇ ਨਾਲ ਉਹ ਉਨ੍ਹਾਂ ਉਦੇਸ਼ਾਂ ਦੀ ਪੂਰਤੀ ਕਰ ਸਕੇ। ਇਹ ਕਦੇ ਵੀ ਪਰਮੇਸ਼ਰ ਦੇ ਨਾਲ ਨਹੀ ਹੋ ਸਕਦਾ ਜਿਸਦੇ ਕੋਲ ਸਾਰੀ ਤਾਕਤ ਹੈ।

**ਦਾਨੀਏਲ ੪:੩੫** ਉਸ ਦੇ ਸਾਮਹਣੇ ਧਰਤੀ ਦੇ ਲੋਕ ਕੁਝ ਵੀ ਨਹੀਂ, ਅਤੇ ਸੁਵਰਗ ਵਿਚ ਕੋਈ ਸਵਰਗ ਦੂਤ, ਅਤੇ ਧਰਤੀ ਉਤੇ ਕੋਈ ਮਨੁੱਖ ਉਸ ਦੀ ਇੱਛਾ ਦਾ ਵਿਰੋਧ ਨਹੀਂ ਕਰ ਸਕਦਾ, ਅਤੇ ਨਾ ਹੀ ਕੋਈ ਉਸ ਦੇ ਕਿਸੀ ਕੰਮ ਬਾਰੇ ਉਸ ਤੋਂ ਪੁੱਛ ਸਕਦਾ ਹੈ।"

**ਪ੍ਰਕਾਸ਼ ਦੀ ਪੋਥੀ ੧੯:੧੬** "ਉਸ ਦੇ ਕਪੜਿਆਂ ਅਤੇ ਪੱਟਾਂ ਤੇ ਇਹ ਲਿਖਿਆ ਹੋਇਆ ਸੀ: "ਰਾਜਿਆਂ ਦਾ ਰਾਜਾ ਅਤੇ ਪ੍ਰਭੂਆਂ ਦਾ ਪ੍ਰਭੂ।"

**ਰੋਮ ੧੩:੧** "ਹਰ ਕੋਈ ਸਰਕਾਰੀ ਅਧਿਕਾਰੀਆਂ ਦੇ ਅਧੀਨ ਰਹੋ, ਕਿਉਂਕਿ ਕੋਈ ਵੀ ਅਧਿਕਾਰ ਪਰਮੇਸ਼ਰ ਦੀ ਆਗਿਆ ਦੇ ਬਿਨਾਂ ਨਹੀਂ ਹੈ। ਬਰਤਮਾਨ ਸਰਕਾਰਾਂ ਵੀ ਪਰਮੇਸ਼ਰ ਦੁਆਰਾ ਹੀ ਨਿਯੁਕਤ ਕੀਤੀਆਂ ਗਈਆਂ ਹਨ।"

ਏ. ਪਿੰਕ ਨੇ ਪਰਮੇਸ਼ਰ ਦੀ ਤਾਕਤ ਦੇ ਬਾਰੇ ਦੱਸਦੇ ਹੋਏ ਸਟੀਫਨ ਚਾਰਨੋਕ ਦਾ ਹਵਾਲਾ ਦਿੱਤਾ:

> ਪਰਮੇਸ਼ਰ ਦੀ ਤਾਕਤ ਉਹ ਯੋਗਤਾ ਅਤੇ ਸਾਮਰਥ ਹੈ ਜਿਸਦੇ ਦੁਆਰਾ ਉਹ ਕੁਝ ਵੀ ਕਰ ਸਕਦਾ ਹੈ ਜਿਸਦੇ ਵਿਖੇ ਉਹ ਪ੍ਰਸੰਨ ਹੁੰਦਾ ਹੈ। ਜੋ ਵੀ ਉਸਦੀ ਅਸੀਂ ਬੁੱਧ ਅਗੁਵਾਈ ਕਰਨੀ ਚਾਹੁੰਦੀ ਹੈ, ਅਤੇ ਜੋ ਕੁਝ ਵੀ ਉਸਦੀ ਅਸੀਮ ਪਵਿੱਤਰਤਾ ਕਰਨੀ ਚਾਹੁੰਦੀ ਹੈ.... ਜਿਵੇਂ ਪਵਿੱਤਰਤਾ ਪਰਮੇਸ਼ਰ ਦੇ ਸਭ ਗੁਣਾਂ ਤੋਂ ਸੁੰਦਰ ਹੈ, ਇਸੇ ਤਰ੍ਹਾ ਸਾਮਰਥ ਉਹ ਗੁਣ ਹੈ ਜੋ ਕਿ ਉਸਦੇ ਈਸ਼ਵਰੀ ਗਣਾ ਨੂੰ ਜੀਵਨ ਦਿੰਦਾ ਹੈ ਅਤੇ ਕਾਰਜਸ਼ੀਲ ਕਰਦਾ ਹੈ। ਉਸਦੀ ਸਾਮਰਥ ਤੋਂ ਬਿਨਾਂ ਉਸਦੀ ਦਯਾ ਸਿਰਫ ਇੱਕ ਕਮਜੋਰ ਰਹਿਮ ਬਣ ਕੇ ਰਹਿ ਜਾਵੇਗੀ।
>
> ਉਸਦੀ ਸਦੀਪਕ ਸਾਲਾਹ ਉਸਦੀ ਸਾਮਰਥ ਤੋਂ ਬਿਨਾਂ ਕਿੰਨੀ ਵਿਅਰਥ ਹੈ। ਉਸਦੇ ਵਾਇਦੇ ਇੱਕ ਖਾਲੀ ਆਵਾਜ ਬਣ ਜਾਣਗੇ, ਉਸਦੀਆਂ ਧਮਕੀਆਂ ਸਿਰਫ ਇੱਕ ਡਰੇ ਹੋਏ ਵਿਅਕਤੀ ਦੀਆਂ ਗੱਲਾਂ ਹੋਣਗੀਆਂ। ਪਰਮੇਸ਼ਰ ਦੀ ਸਾਮਰਥ ਉਸਦੇ ਵਾਂਗਰ ਹੈ, ਅਸੀਮ, ਸਦੀਪਕ, ਸਮਝੀ ਨਾ ਜਾ ਸਕਣ ਵਾਲੀ, ਇਹ ਪਰਖੀ ਨਹੀ ਜਾ ਸਕਦੀ, ਨਾ ਹੀ ਕਿਸੇ ਸ੍ਰਿਸਟੀ ਦੀ ਵਸਤੂ ਦੇ ਦੁਆਰਾ ਇਸ ਨੂੰ ਛੋਟਾ ਕੀਤਾ ਜਾ ਸਕਦਾ ਹੈ ਜਾਂ ਡਰਾਇਆ ਜਾ ਸਕਦਾ ਹੈ।"3

ਆਉ ਅਸੀਂ ਉਸਦੀ ਸਾਮਰਥ ਦੇ ਕੁਝ ਹੋਰ ਹਿੱਸਿਆਂ ਤੇ ਧਿਆਨ ਮਾਰੀਏ। ਸ੍ਰਿਸਟੀ ਦੇ ਬਾਰੇ ਸੋਚੋ। ਇਹ ਬ੍ਰਹਿਮੰਡ ਕਿੰਨਾਂ ਵੱਡਾ ਹੈ! ਪਰ ਇਹ ਫਿਰ ਵੀ ਪਰਮੇਸ਼ਰ ਦੀ ਸਾਮਰਥ ਨੂੰ ਸਮਾ ਨਹੀ ਸਕਦਾ ਹੈ। ਸਭ ਤੋਂ ਨਜਦੀਕੀ ਤਾਰਾ ਜੋ ਸਾਡੇ ਨੇੜੇ ਹੈ ਉਹ 4 1/2 ਲਾਈਟ ਸਾਲ ਦੂਰ ਹੈ। ਇਸ ਦਾ ਅਰਥ ਹੈ ਕਿ ਲਾਈਟ ਜਾਂ ਰੋਸ਼ਨੀ ਜੇਕਰ 186000 ਮੀਲ ਹਰ ਸ਼ੈਕਿੰਡ ਦੀ ਤੇਜੀ ਨਾਲ ਚੱਲੇ ਤਾਂ ਇਸ ਨੂ ਉਸ ਤਾਰੇ ਤੱਕ

ਪਹੁੰਚਣ ਵਾਸਤੇ 4 1/2 ਸਾਲ ਲੱਗ ਜਾਣਗੇ। ਸਾਡਾ ਦਿਮਾਗ ਏਡੀ ਵੱਡੀ ਵਸਤੂ ਨੂੰ ਨਹੀ ਸਮਝ ਸਕਦਾ ਹੈ। ਫਿਰ ਵੀ ਲੱਖਾਂ ਗਲੈਕਸੀਆਂ ਹਨ, ਜਿੰਨਾਂ ਵਿੱਚ ਲੱਖਾਂ ਤਾਰੇ ਹਨ ਜੋ ਕਿ ਇਸ ਬ੍ਰਹਿਮੰਡ ਦੇ ਵਿੱਚ ਪਰਮੇਸ਼ਰ ਨੇ ਰਚੇ ਹਨ। ਥੋਮਸ ਵਾਟਸਨ ਬਹੁਤ ਸੁੰਦਰਤਾ ਦੇ ਨਾਲ ਇਸਦਾ ਬਿਆਨ ਕਰਦਾ ਹੋਇਆ ਲਿਖਦਾ ਹੈ:

> "ਬਨਾਉਣ ਵਾਸਤੇ ਅਸੀਮ ਤਾਕਤ ਦੀ ਲੋੜ ਹੁੰਦੀ ਹੈ। ਪੂਰਾ ਸੰਸਾਰ ਇੱਕ ਮੱਖੀ ਤਕ ਨਹੀ ਬਣਾ ਸਕਦਾ। ਪਰਮੇਸ਼ਰ ਦੀ ਤਾਕਤ ਰਚਣ ਵਿੱਚ ਪ੍ਰਤੱਖ ਨਜ਼ਰ ਆਉਂਦੀ ਹੈ। ਕਿਉਂਕਿ ਉਸ ਨੂੰ ਕੰਮ ਕਰਨ ਵਾਸਤੇ ਕਿਸੇ ਹਥਿਆਰ ਦੀ ਲੋੜ ਨਹੀ ਹੁੰਦੀ। ਉਹ ਔਜਾਂਰਾ ਤੋਂ ਬਿਨਾਂ ਕੰਮ ਕਰ ਸਕਦਾ ਹੈ। ਕਿਉਂਕਿ ਉਸ ਨੂੰ ਕਿਸੇ ਸਮਾਨ ਦੀ ਲੋੜ ਨਹੀ ਹੁੰਦੀ ਜਿਸਦੇ ਨਾਲ ਉਹ ਕੰਮ ਕਰੇ; ਉਹ ਤਾਂ ਸਾਮਾਨ ਨੂੰ ਰਚਦਾ ਹੈ, ਅਤੇ ਫਿਰ ਉਹ ਇਸ ਉੱਤੇ ਕੰਮ ਕਰਦਾ ਹੈ, ਕਿਉਂਕਿ ਉਹ ਕਾਮਿਆਂ ਤੋਂ ਬਿਨਾਂ ਕੰਮ ਕਰਦਾ ਹੈ; 'ਉਹ ਬੋਲਦਾ ਹੈ ਅਤੇ ਇਹ ਹੋ ਜਾਂਦਾ ਹੈ ਭਜਨ 33:9'।"4

ਇਸ ਸ੍ਰਿਸਟੀ ਦੇ ਕੰਮ ਦੇ ਵਿੱਚ ਪਰਮੇਸ਼ਰ ਨੂੰ ਕਿਸੇ ਸ੍ਰਿਸਟੀ ਦੀ ਵਸਤੂ ਦੀ ਲੋੜ ਨਹੀ ਸੀ ਕਿ ਉਹ ਉਸ ਦੀ ਮਦਦ ਕਰੇ। ਸੁਣੋ ਪਰਮੇਸ਼ਰ ਨੇ ਅੱਯੂਬ ਨੂੰ ਕੀ ਕਿਹਾ:

**ਅੱਯੂਬ ੩੮:੪-੬** ਜਦੋਂ ਮੈਂ ਧਰਤੀ ਦੀ ਨੀਂਹ ਰੱਖੀ ਸੀ ਕੀ ਤੂੰ ਉਥੇ ਸੀ? ਜੇਕਰ ਤੂੰ ਜਾਣਦਾ ਹੈ; ਤਾਂ ਮੈਨੂੰ ਦੱਸ। ਕਿਸ ਨੇ ਧਰਤੀ ਦੀਆਂ ਹੱਦਾਂ ਮਿਥੀਆਂ? ਜਾਂ ਉਸ ਨੂੰ ਮਾਪ ਨਾਲ ਮਾਪਿਆ? ਕੀ ਤੂੰ ਇਹਨਾਂ ਪ੍ਰਸ਼ਨਾਂ ਦਾ ਉੱਤਰ ਦੇ ਸਕਦਾ ਹੈਂ? ਧਰਤੀ ਹੇਠਲੇ ਥੰਮਾਂ ਨੂੰ ਕਿਸ ਨੇ ਸੰਭਾਲ ਰਖਿਆ ਹੈ? ਕਿਸ ਨੇ ਇਸ ਸੰਸਾਰ ਦਾ ਨੀਂਹ ਪੱਥਰ ਰਖਿਆ ਹੈ।"

ਤਾਕਤ ਇੰਨ੍ਹੀਂ ਜਿਆਦਾ ਪਰਮੇਸ਼ਰ ਦੀ ਹੈ ਕਿ ਇਸ ਨੂੰ ਪਰਮੇਸ਼ਰ ਦਾ ਇੱਕ ਨਾਮ ਕਿਹਾ ਗਿਆ ਹੈ। ਯਿਸੂ ਨੇ ਆਪਣੇ ਵਿਰੋਧੀਆਂ ਨੂੰ ਕਿਹਾ,

ਕਿ ਉਹ “ਮਨੁੱਖ ਦੇ ਪੁੱਤਰ ਨੂੰ ਸ਼ਕਤੀ ਦੇ ਸੱਜੇ ਹੱਥ ਬੈਠੇ ਵੇਖਣਗੇ” (ਮਰਕੁਸ 14:62)।

ਅਸੀਂ ਪਰਮੇਸ਼ਰ ਦੀ ਤਾਕਤ ਨੂੰ ਇਸ ਸ੍ਰਿਸਟੀ ਦੇ ਸੰਭਾਲਣ ਵਿੱਚ ਵੀ ਵੇਖਦੇ ਹਾਂ। ਕੋਈ ਵੀ ਇਹੋ ਜਿਹਾ ਪ੍ਰਾਣੀ ਨਹੀ ਹੈ ਜੋ ਕਿ ਇੱਕ ਸੈਕਿੰਡ ਵਾਸਤੇ ਵੀ ਆਪਣੇ ਆਪ ਨੂੰ ਸੰਭਾਲ ਸਕੇ। ਕੋਈ ਵੀ ਮਨੁੱਖੀ ਤਾਕਤ ਸਾਨੂੰ ਇਹ ਗਰੰਟੀ ਨਹੀ ਦੇ ਸਕਦੀ ਕਿ ਅਸੀਂ ਸਵੇਰ ਨੂੰ ਆਪਣੇ ਬਿਸਤਰ ਤੋਂ ਸੌਂ ਕੇ ਉੱਠਾਂਗੇ। ਪਰਮੇਸ਼ਰ ਹੀ ਹੈ ਜੋ ਕਿ ਮਨੁੱਖ ਨੂੰ ਅਤੇ ਹਰ ਇੱਕ ਪ੍ਰਾਣੀ ਨੂੰ ਜਿਉਂਦਾ ਰੱਖਦਾ ਹੈ। ਇਹ ਕਿੰਨੀ ਹੈਰਾਨੀ ਵਾਲੀ ਗੱਲ ਹੈ ਕਿ ਮਨੁੱਖ ਆਪਣੇ ਜੀਵਨ ਨੂੰ ਕਿੰਨੀ ਜਲਦੀ ਨਾਸ਼ ਕਰ ਦਿੰਦਾ ਹੈ। ਪਰ ਸ਼ਕਤੀਮਾਨ ਪਰਮੇਸ਼ਰ ਹੈ ਜੋ ਕਿ ਜੀਵਨ ਬਖਸ਼ਦਾ ਹੈ। ਵੇਖੋ ਮਨੁੱਖ ਦੇ ਸੁਆਰਥ ਦੀ ਵਜ੍ਹਾ ਨਾਲ ਕਿੰਨੇ ਗਰਭਪਾਤ ਪੂਰੇ ਸੰਸਾਰ ਦੇ ਵਿੱਚ ਹੁੰਦੇ ਹਨ, ਜਿੰਦਗੀ ਨੂੰ ਸਿਰਜਣਾ ਕਿਸੇ ਵਿਗਆਨੀ ਦੇ ਹੱਥ ਵਿੱਚ ਨਹੀ ਹੈ। ਪਰ ਸਿਰਫ ਪਰਮੇਸ਼ਰ ਹੀ ਹੈ ਜੋ ਕਿ “ਸਾਡੀ ਜਾਨ ਨੂੰ ਜਿਉਂਦਿਆਂ ਰੱਖਦਾ ਹੈ”। (ਭਜਨ 66:9)

ਅਸੀਂ ਪਰਮੇਸ਼ਰ ਦੀ ਤਾਕਤ ਨੂੰ ਇੱਕ ਪਾਪੀ ਦੇ ਬਦਲਾਵ ਦੇ ਸਮੇਂ ਵੀ ਵੇਖਦੇ ਹਾਂ। ਪਿਆਰੇ ਪਾਠਕੋ ਜਦ ਪਰਮੇਸ਼ਰ ਨੇ ਸਵਰਗ ਅਤੇ ਧਰਤੀ ਨੂੰ ਬਣਾਇਆ ਤਾਂ ਕੋਈ ਵੀ ਵਿਰੋਧ ਨਹੀ ਸੀ, ਕਿਉਂਕਿ ਹਾਲੇ ਕੁਝ ਵੀ ਪੈਦਾ ਨਹੀ ਸੀ ਹੋਇਆ। ਪਰ ਹੁਣ ਇੱਕ ਪਾਪੀ ਦੇ ਬਦਲਾਵ ਵਾਸਤੇ ਪਰਮੇਸ਼ਰ ਨੂੰ ਕਈ ਤਾਕਤਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਹੈ। ਉਸਦੀ ਵਿਰੋਧਤਾ ਸ਼ੈਤਾਨ ਦੇ ਦੁਆਰਾ ਹੁੰਦੀ ਹੈ ਜੋ ਕਿ ਆਪਣੀ ਜਾਇਦਾਦ ਦੀ ਰਖਵਾਲੀ ਕਰਦਾ ਹੈ ਅਤੇ ਉਹ ਮਨੁੱਖਾਂ ਨੂੰ ਆਪਣੇ ਗੁਲਾਮ ਬਣਾ ਕੇ ਰੱਖਦਾ ਹੈ। ਆਦਮੀ ਅਤੇ ਔਰਤਾਂ ਸ਼ੈਤਾਨ ਦੀਆਂ ਗੁਲਾਮ ਹਨ ਅਤੇ ਉਹ ਉਸਦੇ ਹੁਕਮ ਦੀ ਪੂਰਤੀ ਕਰਦੇ ਹਨ। ਇਹ ਮਨੁੱਖ ਦੇ ਮਨ ਦੇ ਅੰਦਰ ਇੱਕ ਦੁਸ਼ਮਨੀ ਹੈ ਜੋ ਕਿ ਪਰਮੇਸ਼ਰ ਦੇ ਵਿਰੋਧ ਦੇ ਵਿੱਚ ਹੈ, ਇਸ ਲਈ ਮਨੁੱਖ ਪਰਮੇਸ਼ਰ ਦੀ ਮੁਫਤ ਦੀ ਕਿਰਪਾ ਦੀ ਖੁਸ਼ਖਬਰੀ ਦਾ ਵਿਰੋਧ ਕਰਦਾ ਹੈ। ਕੁਝ ਸੋਚਦੇ ਹਨ ਕਿ ਬਦਲਾਵ ਬਹੁਤ ਆਸਾਨ ਹੈ, ਇੱਕ ਵਿਅਕਤੀ ਨੂੰ ਸਿਰਫ ਇਹ ਕਰਨ ਦੀ ਲੋੜ ਹੈ ਕਿ ਉਹ ਆਪਣੀ ਆਜ਼ਾਦ ਮਰਜੀ ਦਾ ਇਸਤੇਮਾਲ ਕਰ ਕੇ ਮਸੀਹ

ਨੂੰ ਚੁਣ ਲਵੇ। ਪਰ ਜਦ ਤੋਂ ਮਨੁੱਖ ਨੇ ਪਾਪ ਕੀਤਾ ਹੈ ਉਹ ਬੰਧੂਵਾਈ ਦੇ ਵਿੱਚ ਹੈ ਅਤੇ ਉਹ ਹੁਣ ਆਜ਼ਾਦ ਨਹੀ ਹੈ ਕਿ ਉਹ ਆਪਣੇ ਲਈ ਕੁਝ ਚੁਣ ਸਕੇ। ਵਚਨ ਨੂੰ ਸੁਣੋ:

**ਯੂਹੰਨਾਂ ੬:੪੪** "ਕੋਈ ਮੇਰੇ ਕੋਲ ਨਹੀਂ ਆ ਸਕਦਾ, ਜਦੋਂ ਤਕ ਕਿ ਪਿਤਾ ਜਿਸ ਨੇ ਮੈਨੂੰ ਘਲਿਆ ਹੈ, ਉਸ ਨੂੰ ਮੇਰੇ ਵੱਲ ਆਉਣ ਲਈ ਪਰੇਰਤ ਨਾ ਕਰੇ। ਮੈਂ ਉਸ ਨੂੰ ਅੰਤਮ ਦਿਨ ਜ਼ਿੰਦਾ ਕਰਾਂਗਾ।"

**ਯੂਹੰਨਾਂ ੬:੩੭** "ਉਹ ਹਰ ਕੋਈ ਜਿਸ ਨੂੰ ਮੇਰਾ ਪਿਤਾ ਮੈਨੂੰ ਦਿੰਦਾ ਹੈ, ਉਹ ਮੇਰੇ ਕੋਲ ਆਵੇਗਾ; ਅਤੇ ਜੋ ਮੇਰੇ ਕੋਲ ਆਵੇਗਾ, ਉਸ ਨੂੰ ਮੈਂ ਕਦੀ ਵਾਪਸ ਨਹੀਂ ਘੱਲਾਂਗਾ।

ਬਦਲਾਵ ਦੇ ਵਿੱਚ ਪਰਮੇਸ਼ਰ ਆਪਣੇ ਆਤਮਾ ਦੇ ਦੁਆਰਾ ਮੁਰਦਿਆਂ ਨੂੰ ਜੀਵਨ ਦਿੰਦਾ ਹੈ, ਅੰਨ੍ਹਿਆਂ ਨੂੰ ਸੁਜਾਖਾ ਕਰਦਾ ਹੈ ਅਤੇ ਉਨ੍ਹਾਂ ਦੀਆਂ ਇੱਛਾਵਾਂ ਨੂੰ ਨਵਿਆਂ ਕਰਦਾ ਹੈ ਕਿ ਉਹ ਖੁਸ਼ਖਬਰੀ ਦੇ ਇਸ ਸੱਦੇ ਨੂੰ ਆਪਣੀ ਮਰਜ਼ੀ ਨਾਲ ਸਵੀਕਾਰ ਕਰ ਸਕਣ। ਮੁਕਤੀ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਆਤਮਿਕ ਕੰਮ ਹੈ।

**ਅਫਸੀਆਂ ੨:੧-੩** "ਇਕ ਸਮਾਂ ਸੀ, ਜਦੋਂ ਤੁਸੀਂ ਆਪਣੇ ਅਪਰਾਧਾਂ ਅਤੇ ਪਾਪਾਂ ਦੇ ਕਾਰਨ ਆਤਮਕ ਤੌਰ ਤੇ ਮੁਰਦਾ ਸਾਉ। ਉਸ ਸਮੇਂ ਤੁਸੀਂ ਇਸ ਸੰਸਾਰ ਦੇ ਭੈੜੇ ਰਾਹਾਂ ਤੇ ਚਲਦੇ ਸਾਉ ਅਤੇ ਉਸ ਆਤਮਾ ਦੇ ਅਧਿਨ ਸਾਉ, ਜੋ ਅਕਾਸ਼ੀ ਸ਼ਕਤੀਆਂ ਦੀ ਅਧਿਕਾਰੀ ਹੈ। ਇਹ ਹੀ ਆਤਮਾ ਇਸ ਵੇਲੇ ਵਿ ਉਹਨਾਂ ਲੋਕਾਂ ਦੇ ਵਿਚ ਕੰਮ ਕਰਦੀ ਹੈ, ਜੋ ਪਰਮੇਸ਼ਰ ਦੀ ਆਗਿਆ ਨਹੀਂ ਮੰਨਦੇ ਹਨ। ਇਕ ਸਮਾਂ ਸੀ, ਜਦੋਂ ਅਸੀਂ ਵੀ ਆਪਣੀਆਂ ਸਰੀਰਕ ਵਾਸਨਾਵਾਂ ਦੇ ਵਿਚ ਫਸੇ ਪਏ ਸਾਂ ਅਤੇ ਆਪਣੇ ਸਰੀਰ ਅਤੇ ਮਨ ਦੀ ਇੱਛਾ ਅਨੁਸਾਰ ਚਲਦੇ ਸਾਂ। ਇਸ ਤਰ੍ਹਾਂ ਅਸੀਂ ਵੀ ਦੂਜਿਆਂ ਦੀ ਤਰ੍ਹਾਂ ਪਰਮੇਸ਼ਰ ਦੀ ਦੈਵੀ ਸਜ਼ਾ ਦੇ ਭਾਗੀ ਸਾਂ।"

**ਅਫਸੀਆਂ ੨:੮-੧੦** "ਤੁਸੀ ਉਸ ਦੀ ਕਿਰਪਾ ਦੁਆਰਾ ਵਿਸ਼ਵਾਸ ਦੇ ਕਾਰਨ ਬਚਾਏ ਗਏ ਹੋ। ਇਹ ਤੁਹਾਡੇ ਆਪਣੇ ਸਦਕਾ ਨਹੀਂ ਸਗੋਂ

ਪਰਮੇਸ਼ਰ ਦੀ ਦਾਤ ਹੈ। ਇਹ ਕਰਮਾਂ ਦਾ ਨਤੀਜਾ ਨਹੀਂ ਹੈ; ਇਸ ਲਈ ਇਸ ਤੇ ਕਿਸੇ ਤਰ੍ਹਾਂ ਵੀ ਹੰਕਾਰ ਨਹੀਂ ਕੀਤਾ ਜਾ ਸਕਦਾ ਹੈ। ਅਸੀਂ ਪਰਮੇਸ਼ਰ ਦੀ ਰਚਨਾ ਹਾਂ। ਉਸਨੇ ਸਾਨੂੰ ਮਸੀਹ ਯਿਸੂ ਦੇ ਦੁਆਰਾ ਰਚਿਆ ਕਿ ਅਸੀਂ ਭਲੇ ਕੰਮਾਂ ਵਾਲਾ ਜੀਵਣ ਗੁਜ਼ਾਰੀਏ, ਜੋ ਓਸਨੇ ਪਹਿਲਾਂ ਹੀ ਸਾਡੇ ਕਰਨ ਲਈ ਠਹਿਰਾਇਆ ਹੈ।"

ਅਸੀਂ ਪਰਮੇਸ਼ਰ ਦੀ ਤਾਕਤ ਨੂੰ ਯਿਸੂ ਮਸੀਹ ਦੀ ਸੇਵਕਾਈ ਦੇ ਵਿੱਚ ਵੇਖਦੇ ਹਾਂ। ਕਦੇ ਵੀ ਇੰਨੇ ਚਮਤਕਾਰ ਨਹੀ ਸੀ ਹੋਏ ਜਿੰਨੇ ਸਾਡੇ ਮੁਕਤੀਦਾਤਾ ਦੇ ਸਮੇਂ ਦੇ ਵਿੱਚ ਹੋਏ ਸਨ ਜਦ ਉਹ ਧਰਤੀ ਉੱਤੇ ਸਨ। ਉਨ੍ਹਾਂ ਦੇ ਕੋਲ ਬੀਮਾਰੀਆਂ, ਭੂਤਾਂ, ਮੌਤ ਅਤੇ ਕੁਦਰਤੀ ਤਾਕਤਾਂ ਦੇ ਉੱਪਰ ਅਧਿਕਾਰ ਸੀ। (ਵੇਖੋ ਮਰਕੁਸ 4–5) ਯਿਸੂ ਨੇ ਇੱਕ ਕੋਹੜੀ ਨੂੰ ਛੂਹਣ ਦੇ ਦੁਆਰਾ ਹੀ ਚੰਗਾ ਕਰ ਦਿੱਤਾ। ਉਸ ਨੇ ਲਾਜ਼ਰ ਨੂੰ ਜੋ ਚਾਰ ਦਿਨ ਦਾ ਮੁਰਦਾ ਸੀ, ਕਬਰ ਵਿੱਚੋਂ ਜਿੰਦਾ ਕਰ ਦਿੱਤਾ। ਅਸੀਂ ਪਰਮੇਸ਼ਰ ਦੀ ਤਾਕਤ ਨੂੰ ਉਸ ਸਮੇਂ ਵੀ ਵੇਖਦੇ ਹਾਂ ਜਦ ਯਿਸੂ ਮਸੀਹ ਮੁਰਦਿਆਂ ਵਿੱਚੋਂ ਜੀ ਉੱਠੇ। ਉਸ ਨੇ ਕਿਹਾ ਸੀ ਕਿ ਉਸ ਦੇ ਕੋਲ ਜੀਵਨ ਦੇਣ ਅਤੇ ਲੈਣ ਦਾ ਇਖਤਿਆਰ ਹੈ। ਇਹ ਸਿਰਫ ਪਰਮੇਸ਼ਰ ਦੇ ਹੱਥ ਵਿੱਚ ਹੀ ਹੈ।

**ਯੂਹੰਨਾਂ ੧੦:੧੭,੧੮** "ਪਿਤਾ ਮੈਨੂੰ ਇਸ ਕਾਰਨ ਪਿਆਰ ਕਰਦਾ ਹੈ, ਕਿਉਂਕਿ ਮੈਂ ਆਪਣੀ ਜਾਨ ਦਿੰਦਾ ਹਾਂ ਕਿ ਉਸ ਨੂੰ ਵਾਪਸ ਲੈ ਲਵਾਂ। 18 ਕੋਈ ਮੇਰੇ ਤੋਂ ਮੇਰੀ ਜਾਨ ਖੋਹ ਨਹੀਂ ਸਕਦਾ, ਸਗੋਂ ਮੈਂ ਆਪ ਉਸ ਨੂੰ ਦਿੰਦਾ ਹਾਂ। ਮੈਨੂੰ ਜਾਨ ਦੇਣ ਦਾ ਅਤੇ ਵਾਪਸ ਲੈਣ ਦਾ ਅਧਿਕਾਰ ਵੀ ਹੈ। ਇਹ ਹੀ ਆਗਿਆ ਮੈਨੂੰ ਆਪਣੇ ਪਿਤਾ ਕੋਲੋਂ ਮਿਲੀ ਹੈ?"

**ਰੋਮ ੧:੩–੪** "ਇਹ ਉਸ ਦੇ ਪੁੱਤਰ ਸਾਡੇ ਪ੍ਰਭੂ ਯਿਸੂ ਮਸੀਹ ਦੇ ਸੰਬੰਧ ਵਿਚ ਹੈ, ਜੋ ਸਰੀਰਕ ਤੌਰ ਤੇ ਦਾਊਦ ਦੇ ਵੰਸ ਤੋਂ ਪੈਦਾ ਹੋਏ। ਪਰ ਪਵਿੱਤਰਤਾ ਦੀ ਆਤਮਾ ਦੀ ਵੱਲੋਂ, ਅਤੇ ਮੁਰਦਿਆਂ ਵਿਚੋਂ ਜੀ ਉੱਠਣ ਦੇ ਕਾਰਨ ਸਮਰਥਾ ਦੇ ਨਾਲ ਪਰਮੇਸ਼ਰ ਦੇ ਪੁੱਤਰ ਘੋਸ਼ਿਤ ਕੀਤੇ ਗਏ।"

ਅਸੀਂ ਪਰਮੇਸ਼ਰ ਦੀ ਤਾਕਤ ਨੂੰ ਨਿਆਂ ਦੇ ਦਿਨ ਵੀ ਵੇਖਾਂਗੇ। ਪਰਮੇਸ਼ਰ ਨੇ ਦੁਸ਼ਟਾਂ ਨੂੰ ਸਜ਼ਾ ਦੇ ਕੇ ਆਪਣੀ ਤਾਕਤ ਦਾ ਥੋੜਾ ਜਿਹੀ ਝਲਕ

ਤਾਂ ਦੇ ਹੀ ਦਿੱਤੀ ਹੈ। ਉਸ ਨੇ ਆਦਮ ਅਤੇ ਹਵਾ ਨੂੰ ਬਾਗ ਵਿੱਚੋਂ ਬਾਹਰ ਕੱਢ ਦਿੱਤਾ ਜਦ ਉਨ੍ਹਾਂ ਨੇ ਪਾਪ ਕੀਤਾ। ਉਸ ਨੇ ਸੰਸਾਰ ਨੂੰ ਹੜ ਦੇ ਨਾਲ ਵਹਾ ਦਿੱਤਾ। ਉਸਨੇ ਸਦੋਮ ਅਤੇ ਅਮੋਰਾਹ ਦੇ ਸ਼ਹਿਰਾਂ ਨੂੰ ਨਾਸ਼ ਕਰ ਦਿੱਤਾ। ਪਰ ਹਾਲੇ ਉਹ ਦਿਨ ਆ ਰਿਹਾ ਹੈ ਜਦ ਪਰਮੇਸ਼ਰ ਦੀ ਤਾਕਤ ਪੂਰੀ ਤਰਾਂ ਪ੍ਰਗਟ ਹੋ ਜਾਵੇਗੀ ਅਤੇ ਉਸਦਾ ਕ੍ਰੋਧ ਅਵਿਸ਼ਵਾਸੀਆਂ ਦੇ ਉੱਪਰ ਉਂਡੇਲੇਗਾ ਜਦ ਉਹ ਅਖੀਰ ਦੇ ਵਿੱਚ ਨਰਕ ਦੇ ਵਿੱਚ ਭੇਜੇ ਜਾਣਗੇ। ਅਤੇ ਉਨ੍ਹਾਂ ਦੇ ਸਰੀਰ ਅਤੇ ਪ੍ਰਾਣ ਅੱਗ ਦੀ ਝੀਲ ਦੇ ਵਿੱਚ ਸੜਨਗੇ।

ਅਸੀਂ ਅਕਸਰ ਹੀ ਮਨੁੱਖਾਂ ਤੋਂ ਡਰ ਜਾਂਦੇ ਹਾਂ, ਪਰ ਜੇਕਰ ਅਸੀਂ ਪਰਮੇਸ਼ਰ ਦੀ ਤਾਕਤ ਨੂੰ ਚੰਗੀ ਤਰਾਂ ਵੇਖੀਏ, ਤਾਂ ਸਾਡਾ ਬਚਾਅ ਇਸ ਡਰ ਤੋਂ ਹੋ ਜਾਵੇਗਾ।

**ਮਤੀ ੧੦:੨੮** "ਉਸੀ ਉਨ੍ਹਾਂ ਤੋਂ ਨਾ ਡਰੋ ਜੋ ਕੇਵਲ ਸਰੀਰ ਨੂੰ ਹੀ ਮਾਰ ਸਕਦੇ ਹਨ, ਪਰ ਪ੍ਰਾਣ ਦਾ ਕੁਛ ਵੀ ਨਹੀਂ ਵਿਗਾੜ ਸਕਦੇ ਹਨ। ਹਾਂ ਪਰਮੇਸ਼ਰ ਤੋਂ ਜਰੂਰ ਡਰੋ, ਜੋ ਸਰੀਰ ਅਤੇ ਪ੍ਰਾਣ ਦੋਹਾਂ ਦਾ ਨਰਕ ਕੁੰਡ ਵਿਚ ਨਾਸ਼ ਕਰ ਸਕਦਾ ਹੈ।"

ਆਉ ਅਸੀਂ ਪਰਮੇਸ਼ਰ ਦੀ ਤਾਕਤ ਨੂੰ ਸੀਮੀਤ ਨਾ ਕਰੀਏ। ਮਾਰਥਾ ਨੇ ਮਸੀਹ ਦੀ ਤਾਕਤ ਤੇ ਸ਼ੱਕ ਕੀਤਾ ਕਿ ਉਹ ਉਸਦੇ ਭਰਾ ਨੂੰ ਜਿਵਾ ਨਹੀ ਸਕੇਗਾ ਜੋ ਕਿ ਕਬਰ ਦੇ ਵਿੱਚ ਚਾਰ ਦਿਨਾਂ ਤੋਂ ਸੀ। (ਯੂਹੰਨਾਂ 11:39) ਅਸੀਂ ਵੇਖਦੇ ਹਾਂ ਕਿ ਮੂਸਾ ਨੇ ਪਰਮੇਸ਼ਰ ਦੀ ਤਾਕਤ ਨੂੰ ਸੀਮੀਤ ਕੀਤਾ। ਲੋਕਾਂ ਨੇ ਮੂਸਾ ਦੇ ਅੱਗੇ ਮਾਸ ਵਾਸਤੇ ਦੁਹਾਈ ਦਿੱਤੀ ਅਤੇ ਪਰਮੇਸ਼ਰ ਨੇ ਮੂਸਾ ਨੂੰ ਕਿਹਾ ਕਿ ਲੋਕਾਂ ਨੂੰ ਮਾਸ ਮਿਲੇਗਾ। ਵੇਖੋ ਮੂਸਾ ਦਾ ਪਰਮੇਸ਼ਰ ਦੇ ਮਾਸ ਦੇਣ ਵਾਲੇ ਵਾਇਦੇ ਦੇ ਉੱਪਰ ਕੀ ਪ੍ਰਤੀਉੱਤਰ ਸੀ ਅਤੇ ਕਿਵੇਂ ਪਰਮੇਸ਼ਰ ਨੇ ਮੂਸਾ ਨੂੰ ਡਾਂਟਿਆ ਕਿ ਉਸਨੇ ਪਰਮੇਸ਼ਰ ਦੀ ਤਾਕਤ ਨੂੰ ਸੀਮੀਤ ਕੀਤਾ।

**ਗਿਣਤੀ ੧੧:੨੧-੨੩** "ਮੂਸਾ ਨੇ ਪ੍ਰਭੂ ਨੂੰ ਕਿਹਾ, ਮੇਰੇ ਨਾਲ ਐਸ ਵੇਲੇ ਕੋਈ ਛੇ ਲੱਖ ਲੋਕ ਸਫ਼ਰ ਕਰ ਰਹੇ ਹਨ ਅਤੇ ਤੂੰ ਕਹਿ ਰਿਹਾ ਹੈ ਕਿ ਤੂੰ ਉਹਨਾਂ ਨੂੰ ਇਕ ਮਹੀਨੇ ਤਕ ਖਾਣ ਲਈ ਮਾਸ ਦੇਵੇਗਾ। ਕੀ

ਸਭ ਪਸ਼ੂਆਂ ਦੇ ਚੋਣੇ ਅਤੇ ਭੇਡਾਂ ਦੇ ਇਜੜ ਉਹਨਾਂ ਨੂੰ ਖੁਆਉਣ ਲਈ ਕਟੇ ਜਾਣਗੇ? ਕੀ ਸਾਰੇ ਸਮੁੰਦਰ ਦੀਆਂ ਮੱਛੀਆਂ ਉਹਨਾਂ ਲਈ ਇਕੱਠੀਆਂ ਕੀਤੀਆਂ ਜਾਣਗੀਆਂ।"

**ਗਿਣਤੀ ੧੧:੨੩** "ਪ੍ਰਭੂ ਨੇ ਉੱਤਰ ਦਿੱਤਾ, "ਕਿ ਮੇਰੀ ਸ਼ਕਤੀ ਘੱਟ ਗਈ ਹੈ? ਤੂੰ ਦੇਖੇਂਗਾ ਕਿ ਮੇਰਾ ਕਿਹਾ ਕਿਸ ਤਰ੍ਹਾਂ ਪੂਰਾ ਹੁੰਦਾ ਹੈ।"

ਅਸੀਂ ਪੜਦੇ ਹਾਂ ਕਿ ਪਰਮੇਸ਼ਰ ਨੇ ਬਟੇਰੇ ਭੇਜੇ ਅਤੇ ਇਸਰਾਏਲੀਆਂ ਲਈ ਪੂਰੇ ਮਹੀਨੇ ਲਈ ਭੋਜਨ ਹੋ ਗਿਆ! ਇਹ ਪਰਮੇਸ਼ਰ ਦੇ ਲੋਕਾਂ ਲਈ ਕਿੰਨੀ ਤਸੱਲੀ ਭਰੀ ਗੱਲ ਹੈ। ਸਾਡੇ ਕੋਲ ਸ਼ੈਤਾਨ, ਸੰਸਾਰ ਅਤੇ ਸਾਡੇ ਅੰਦਰ ਵੱਸਣ ਵਾਲਾ ਪਾਪ ਤਿੰਨ ਬਹੁਤ ਵੱਡੇ ਵੈਰੀ ਹਨ। ਅਸੀਂ ਆਪਣੇ ਅੰਦਰ ਬਹੁਤ ਵੱਡੀ ਭ੍ਰਿਸਟਤਾ ਨੂੰ ਵੇਖਦੇ ਹਾਂ, ਕੀ ਅਸੀਂ ਕਦੇ ਵੀ ਉਸ ਸਦੀਪਕ ਕੰਢੇ ਤੇ ਪਹੁੰਚਾਂਗੇ? ਪਿਆਰੇ ਪਾਠਕ, "ਕੀ ਪਰਮੇਸ਼ਰ ਵਾਸਤੇ ਕੋਈ ਵੀ ਗੱਲ ਅਣਹੋਣੀ ਹੈ?" (ਉਤਪਤ 18:14) ਸਾਨੂੰ ਸਭ ਨੂੰ ਪਰਮੇਸ਼ਰ ਆਪਣੀ ਸਾਮਰਥ ਦੇ ਦੁਆਰਾ ਮੁਕਤੀ ਤੱਕ ਸੰਭਾਲ ਕੇ ਰੱਖਦਾ ਹੈ।

**੧ ਪਤਰਸ ੧:੫** "ਤੁਸੀਂ ਵਿਸ਼ਵਾਸ ਕਰਦੇ ਹੋ, ਇਸ ਲਈ ਪਰਮੇਸ਼ਰ ਦੀ ਸ਼ਕਤੀ ਤੁਹਾਡੀ ਰਖਿਆ ਕਰਦੀ ਹੈ, ਅਤੇ ਉਹ ਹੀ ਤੁਹਾਡੀ ਉਸ ਅੰਤਮ ਘੜੀ ਵਿਚ ਰਖਿਆ ਕਰੇਗਾ ਕਿ ਉਸੀਂ ਉਸ ਮੁਕਤੀ ਨੂੰ ਪ੍ਰਾਪਤ ਕਰੋ, ਜੋ ਉਸ ਸਮੇਂ ਪ੍ਰਗਟ ਹੋਣ ਲਈ ਤਿਆਰ ਹੈ।"

ਪਰਮੇਸ਼ਰ ਹੈ ਜੋ ਸਾਡੇ ਵੈਰੀਆਂ ਨੂੰ ਰੋਕਦਾ ਹੈ, ਅਤੇ ਮਨੁੱਖਾਂ ਦੇ ਕ੍ਰੋਧ ਨੂੰ ਉਹ ਆਪਣੀ ਵਡਿਆਈ ਵਿੱਚ ਬਦਲ ਦਿੰਦਾ ਹੈ। (ਭਜਨ 76:10)

ਜਿਵੇਂ ਥੋਮਸ ਵਾਟਸਨ ਨੇ ਲਿਖਿਆ ਹੈ, " ਪਰਮੇਸ਼ਰ ਦੀ ਦਯਾ ਸਾਨੂੰ ਮਾਫ ਕਰਦੀ ਹੈ, ਪਰ ਉਸਦੀ ਤਾਕਤ ਸਾਨੂੰ ਸੰਭਾਲਦੀ ਹੈ। ਜੋ ਆਪਣੀ ਤਾਕਤ ਦੇ ਦੁਆਰਾ ਤਾਰਿਆਂ ਨੂੰ ਸੰਭਾਲ ਕੇ ਰੱਖਦਾ ਹੈ ਕਿ ਉਹ ਤਾਰਾ ਮੰਡਲ ਦੇ ਵਿੱਚੋਂ ਡਿੱਗ ਨਾ ਜਾਣ ਅਤੇ ਉਹ ਆਪਣੀ ਕਿਰਪਾ ਦੇ ਦੁਆਰਾ ਸਾਨੂੰ ਸੰਭਾਲਦਾ ਹੈ ਕਿ ਅਸੀਂ ਡਿੱਗ ਨਾ ਜਾਈਏ ਅਤੇ ਕਿਤੇ ਬੇਹੋਸ਼ ਨਾ ਹੋ ਜਾਈਏ।"[5]

# 5

# ਪਰਮੇਸ਼ਰ ਅੱਤ ਮਾਹਾਨ ਹੈ

**ਕੂਚ ੧੫:੧੧** ਹੇ ਪ੍ਰਭੂ ਤੇਰੇ ਵਰਗਾ, ਸਭ ਦੇਵਤਿਆਂ ਵਿਚ ਕੌਣ ਹੈ? ਤੇਰੇ ਵਰਗਾ ਕੌਣ ਮਹਾਪ੍ਰਤਾਪੀ ਪਵਿੱਤਰ ਹੈ? ਕੌਣ ਤੇਰੇ ਵਰਗੇ ਮਹਾਨ ਅਦਭੁੱਤ ਕੰਮ ਕਰ ਸਕਦਾ ਹੈ?"

**ਪ੍ਰਕਾਸ਼ ਦੀ ਪੋਥੀ ੧੫:੪** "ਹੇ ਪ੍ਰਭੂ ਤੇਰੇ ਨਾਂ ਦੀ ਮਹਿਮਾ ਹੋਵੇ, ਕੌਣ ਤੇਰੇ ਨਾਂ ਤੋ ਨਾ ਡਰੇਗਾ? ਪ੍ਰਭੂ ਤੂ ਹੀ ਕੇਵਲ ਪਵਿੱਤਰ ਹੈ। ਇਸ ਲਈ ਸਭ ਕੌਮਾਂ ਆਉਣਗੀਆਂ, ਅਤੇ ਮੇਰੇ ਅੱਗੇ ਸਿਰ ਨੀਵਾਂ ਕਰਨਗੀਆਂ, ਕਿਉਂਕਿ ਤੇਰੇ ਭਲੇ ਕੰਮ ਪ੍ਰਗਟ ਕੀਤੇ ਜਾ ਚੁੱਕੇ ਹਨ।"

**ਹਬੱਕੂਕ ੧:੧੩** ਤੇਰੀਆਂ ਪਵਿੱਤਰ ਅੱਖਾਂ ਹਨ, ਜਿਸ ਨਾਲ ਤੂੰ ਬੁਰਾਈ ਨੂੰ ਦੇਖਦਾ ਹੈ, ਅਤੇ ਤੂ ਬਦੀ ਨਹੀਂ ਦੇਖ ਸਕਦਾ। ਫਿਰ ਤੂੰ ਅਵਿਸ਼ਵਾਸੀ ਮਨੁੱਖ ਨੂੰ ਕਿਉ ਦੇਖ ਰਿਹਾ ਹੈ; ਤੂੰ ਕਿਉ ਚੁਪ ਹੈ, ਜਦੋਂ ਦੁਸ਼ਟ ਆਪਣੇ ਤੋ ਭਲੇ ਮਨੁੱਖ ਨੂੰ ਹੜਪ ਰਿਹਾ ਹੈ?

**੧ ਯੂਹੰਨਾਂ ੧:੫** "ਸੰਦੇਸ਼ ਜੋ ਅਸੀਂ ਉਸ ਕੋਲੋਂ ਸੁਣਿਆ ਸੀ ਅਤੇ ਜਿਸ ਬਾਰੇ ਤੁਹਾਨੂੰ ਦੱਸ ਰਹੇ ਹਾਂ, ਇਹ ਇਹ ਠੀਕ ਹੈ: ਪਰਮੇਸ਼ਰ ਚਾਣਨ ਹੈ ਅਤੇ ਉਸ ਵਿਚ ਹਨੇਰਾ ਨਾ ਮਾਤਰ ਵੀ ਨਹੀਂ ਹੈ।"

ਜੋ ਵਚਨ ਅਸੀਂ ਉੱਪਰ ਵੇਖੇ ਹਨ ਇੰਨਾਂ ਵਿੱਚ ਇੱਕ ਮੁਖ ਗੱਲ ਹੈ ਜੋ ਕਿ ਸਾਮ੍ਹਣੇ ਆਈ ਹੈ ਅਤੇ ਉਹ ਹੈ ਕਿ ਪਵਿੱਤਰ ਉਹ ਨਾਮ ਹੈ ਜਿਸਦੇ ਦੁਆਰਾ ਪਰਮੇਸ਼ਰ ਨੂੰ ਕਈ ਵਾਲ ਪੁਕਾਰਿਆ ਜਾਂਦਾ ਹੈ। ਇਹ ਉਹ ਗੁਣ ਹੈ ਜਿਸਦੇ ਬਾਰੇ ਪਰਮੇਸ਼ਰ ਦੇ ਸਿੰਘਾਸਣ ਦੇ ਸਾਹਮਣੇ ਸਰਾਫੀਮ ਹਰ ਵੇਲੇ ਪੁਕਾਰਦੇ ਰਹਿੰਦੇ ਹਨ, "ਪਵਿੱਤਰ ਪਵਿੱਤਰ ਪਵਿੱਤਰ, ਹੈ ਸੈਨਾ ਦਾ ਯਹੋਵਾਹ!" (ਯਸਾਯਹ 6:3)

"ਪਵਿੱਤਰ" ਸ਼ਬਦ ਤੋਂ ਕੀ ਅਰਥ ਹੈ ਜਦ ਇਸ ਨੂੰ ਪਰਮੇਸ਼ਰ ਤੇ ਲਾਗੂ ਕੀਤਾ ਜਾਂਦਾ ਹੈ? ਪਵਿੱਤਰ ਸ਼ਬਦ ਦਾ ਜੜ ਵਾਲਾ ਅਰਥ ਹੈ ਅਲੱਗ ਹੋਣਾ। ਪਰਮੇਸ਼ਰ ਆਪਣੀ ਪਵਿੱਤਰਤਾ ਦੇ ਕਾਰਣ ਪੂਰੀ ਸ੍ਰਿਸਟੀ ਤੋਂ ਅਲੱਗ ਹੈ। ਉਹ ਇਹੋ ਜਿਹੇ ਚਾਨਣ ਵਿੱਚ ਹੈ ਜਿਸ ਤੱਕ ਪਹੁੰਚਿਆ ਨਹੀ ਜਾ ਸਕਦਾ। ਉਹ ਆਪਣੀ ਸ੍ਰਿਸਟੀ ਦੇ ਪ੍ਰਤੀ ਪਵਿੱਤਰ ਹੈ ਕਿਉਂਕਿ ਉਹ ਜੋ ਧਰਮੀ ਹੈ ਉਸ ਨੂੰ ਪਿਆਰ ਕਰਦਾ ਹੈ ਅਤੇ ਜੋ ਦੁਸ਼ਟਤਾ ਹੈ ਉਸ ਨੂੰ ਨਫਰਤ ਕਰਦਾ ਹੈ। ਇਹ ਗੁਣ ਪਰਮੇਸ਼ਰ ਦੇ ਬਾਰੇ ਇਸ ਕਰਕੇ ਲਿਆਂਦਾ ਗਿਆ ਹੈ ਕਿਉਂਕਿ ਪਰਮੇਸ਼ਰ ਦੇ ਬਾਰੇ ਵਿੱਚ ਹਰ ਇੱਕ ਗੱਲ ਪਵਿੱਤਰ ਹੈ। ਸਵਰਗ ਨੂੰ ਉਸਦਾ ਪਵਿੱਤਰ ਸਥਾਨ ਕਿਹਾ ਜਾਂਦਾ ਹੈ। ਸਬਤ ਪਵਿੱਤਰ ਹੈ, ਕਲੀਸੀਆਂ ਪਵਿੱਤਰ ਹੈ, ਪਰਮੇਸ਼ਰ ਦੇ ਲੋਕ ਪਵਿੱਤਰ ਹਨ, ਉਸਦੇ ਸਵਰਗ ਦੂਤ ਪਵਿੱਤਰ ਹਨ। ਉਸਦੇ ਸੇਵਕ ਪਵਿੱਤਰ ਹਨ।(ਬਿਵਸਥਾਸਾਰ 26:15; ਕੂਚ 16:23; ਲੇਵੀਆਂ 16:33; ਦਾਨੀਏਲ 12:7; ਮਤੀ 25:31)।

ਇਹ ਉਹ ਗੁਣ ਹੈ ਜਿਸਦੇ ਦੁਆਰਾ ਪਰਮੇਸ਼ਰ ਸੌਂਹ ਖਾਂਦਾ ਹੈ, ਕਿ ਉਹ ਆਪਣੇ ਵਾਇਦੇ ਜਾਂ ਆਪਣੀ ਚੇਤਾਵਨੀ ਨੂੰ ਪੂਰਾ ਕਰੇ:

**ਭਜਨ ੮੯:੩੫** "ਮੈਂ ਹਮੇਸ਼ਾ ਦੇ ਲਈ ਆਪਣੀ ਪਵਿੱਤਰਤਾ ਦੀ ਉਸ ਨਾਲ ਸੌਂਹ ਖਾਧੀ ਹੈ, ਇਸ ਲਈ ਮੈਂ ਦਾਊਦ ਨਾਲ ਝੂਠ ਨਹੀਂ ਬੋਲਾਂਗਾ।"

**ਆਮੋਸ ੪:੨** "ਪਰ ਪ੍ਰਭੂ ਪਰਮੇਸ਼ਰ ਪਵਿੱਤਰ ਹੈ, ਇਸ ਲਈ ਉਸ ਨੇ ਪ੍ਰਤਿਗਿਆ ਕੀਤੀ ਹੈ, "ਉਹ ਦਿਨ ਆ ਰਹੇ ਹਨ, ਜਦੋਂ ਉਹ ਤੁਹਾਡੇ

ਨਕ ਵਿਚ ਨਕੇਲ ਪਾ ਕੇ ਧੂਣਗੇ ਅਤੇ ਤੁਸੀਂ ਸਭ ਮੱਛੀਆਂ ਦੇ ਕੁੰਢੀ ਨਾਲ ਫਸਣ ਵਾਂਗ ਫਸੀਆਂ ਹੋਵੇਗੀਆਂ।"

ਪਰਮੇਸ਼ਰ ਆਪਣੇ ਸੁਭਾਅ ਤੋਂ ਪਵਿੱਤਰ ਹੈ। ਇਹ ਕੁਝ ਹੈ ਜੋ ਉਹ ਬਣਿਆ ਹੈ ਨਹੀ ਹੈ, ਪਰ ਇਹ ਉਸ ਕੋਲ ਸਦਾ ਤੋਂ ਹੈ। ਆਦਮੀ ਨੂੰ ਪਵਿੱਤਰ ਬਣਾਇਆ ਗਿਆ, ਪਰ ਉਹ ਜਲਦੀ ਹੀ ਪਾਪ ਵਿੱਚ ਡਿੱਗ ਕੇ ਅਪਵਿੱਤਰ ਹੋ ਗਿਆ। ਪਰਮੇਸ਼ਰ ਦੀ ਪਵਿੱਤਰਤਾ ਉਸ ਦੀ ਸਾਰੀ ਸ੍ਰਿਸਟੀ ਵਾਸਤੇ ਗੀਤ ਹੈ, ਮਨੁਖਾਂ ਅਤੇ ਸਵਰਗ ਦੂਤਾਂ ਲਈ ਵੀ ਇਹ ਗੀਤ ਹੈ। ਪਰਮੇਸ਼ਰ ਦੂਸਰਿਆਂ ਦੇ ਅੰਦਰ ਪਵਿੱਤਰਤਾਈ ਦਾ ਸ੍ਰੋਤ ਹੈ। ਪਰਮੇਸ਼ਰ ਦੀ ਪਵਿੱਤਰਤਾਈ ਦੀ ਤੁਲਨਾ ਤੁਸੀਂ ਦੂਤਾਂ ਜਾਂ ਮਨੁੱਖਾਂ ਦੀ ਪਵਿੱਤਰਤਾਈ ਨਾਲ ਨਹੀ ਕਰ ਸਕਦੇ। ਮਨੁੱਖ ਪਵਿੱਤਰ ਹੈ ਪਰ ਉਹ ਬਦਲ ਜਾਂਦਾ ਹੈ ਅਤੇ ਜਿਵੇਂ ਦੂਤ ਹਨ ਜੋ ਕਿ ਆਪਣੀ ਪਹਿਲੀ ਦਸ਼ਾ ਵਿੱਚ ਆ ਗਏ।

ਇੱਕ ਸਵਾਲ ਖੜਾ ਹੋ ਸਕਦਾ ਹੈ, "ਪਰਮੇਸ਼ਰ ਕਿਵੇਂ ਜੋ ਕਿ ਪਵਿੱਤਰ ਹੈ ਦੂਸਰਿਆਂ ਦੇ ਪਾਪਾਂ ਦੇ ਵੱਲ ਵੇਖ ਕੇ ਵੀ ਪਵਿੱਤਰ ਰਹਿ ਸਕਦਾ ਹੈ?" ਕੀ ਅਸੀਂ ਹਬੱਕੂਕ 1:3 ਵਿੱਚ ਨਹੀ ਸੀ ਪੜਿਆ ਕਿ ਪਰਮੇਸ਼ਰ ਪਾਪ ਨੂੰ ਵੇਖ ਵੀ ਨਹੀ ਸਕਦਾ ਹੈ। ਪਰਮੇਸ਼ਰ ਆਪਣੀ ਸ੍ਰਿਸਟੀ ਦੇ ਪਾਪਾਂ ਨੂੰ ਵੇਖਦਾ ਹੈ ਪਰ ਉਸ ਦੀ ਸਹਮਿਤੀ ਕਰਨ ਵਾਸਤੇ ਨਹੀ ਬਲਕਿ ਇੱਕ ਨਿਆਂਪਾਲ ਦੀ ਤਰ੍ਹਾਂ ਨਿਆਂ ਕਰਨ ਵਾਸਤੇ ਵੇਖਦਾ ਹੈ। ਪਰਮੇਸ਼ਰ ਚਾਨਣ ਹੈ ਅਤੇ ਉਸ ਵਿੱਚ ਕੋਈ ਵੀ ਹਨ੍ਹੇਰਾ ਨਹੀ ਹੈ। ਜਿਵੇਂ ਚਾਨਣ ਹਨ੍ਹੇਰੇ ਕਮਰੇ ਵਿੱਚ ਪੈ ਕੇ ਭ੍ਰਿਸਟ ਨਹੀ ਹੁੰਦਾ ਹੈ ਇਸੇ ਤਰਾਂ ਪਰਮੇਸ਼ਰ ਵੀ ਪਾਪ ਦੇ ਦੁਆਰਾ ਭ੍ਰਿਸਟ ਨਹੀ ਹੁੰਦਾ ਹੈ।

ਪਹਿਲੀ ਗੱਲ ਹੈ ਕਿ ਪਰਮੇਸ਼ਰ ਦੀ ਪਵਿੱਤਰਤਾਈ ਸ੍ਰਿਸਟੀ ਦੇ ਵਿੱਚ ਨਜਰ ਆਉਂਦੀ ਹੈ। ਅਸੀਂ ਵੇਖਦੇ ਹਾਂ ਕਿ ਜਦ ਮਨੁੱਖ ਨੂੰ ਬਣਾਇਆ ਗਿਆ, ਉਹ ਬਿਲਕੁਲ ਪਵਿੱਤਰ ਬਣਾਇਆ ਗਿਆ ਸੀ। ਅਸੀਂ ਵੇਖਦੇ ਹਾਂ ਕਿ ਮਨੁੱਖ ਨੇ ਅਨਦ ਦੇ ਬਾਗ ਵਿੱਚ ਪਰਮੇਸ਼ਰ ਦੀ ਸੰਗਤੀ ਦਾ ਅਨੰਦ ਮਾਣਿਆ। ਮਨੁੱਖ ਪੂਰੀ ਤਰਾਂ ਆਪਣੇ ਸੁਭਾਅ ਦੇ ਵਿੱਚ ਪਵਿੱਤਰਤਾਈ ਵਾਲੀ ਦਸ਼ਾ ਤੋਂ ਭ੍ਰਿਸਟਤਾ ਦੀ ਦਸ਼ਾ ਵਿੱਚ ਪਹੁੰਚ ਗਿਆ:

**ਉਤਪਤ ੧:੨੭** "ਸੋ ਪਰਮੇਸ਼ਰ ਨੇ ਮਨੁੱਖ ਨੂੰ ਆਪਣੇ ਸਰੂਪ ਮੇ ਬਣਾਇਆ। ਉਸ ਨੇ ਮਨੁੱਖ ਨੂੰ ਆਪਣੇ ਸਰੂਪ ਉੱਤੇ ਆਦਮੀ ਤੇ ਔਰਤ ਬਣਾਇਆ।"

**ਉਤਪਤ ੧:੩੧** "ਤਦ ਪਰਮੇਸ਼ਰ ਨੇ ਆਪਣੀ, ਹਰ ਰਚੀ ਚੀਜ਼ ਦੇਖੀ, ਜੋ ਉਸਨੂੰ ਬਹੁਤ ਹੀ ਚੰਗੀ ਲਈ। ਤਦ ਸੰਝ ਹੋਈ ਅਤੇ ਸਵੇਰਾ ਆਈ, ਦੋ ਛੇਵਾਂ ਦਿਨ ਸੀ।"

**ਉਪਦੇਸ਼ਕ ੭:੨੯** "ਸਭ ਤੋਂ ਸਿੱਟਾ ਮੈਂ ਇਹ ਕਢਿਆ: ਪਰਮੇਸ਼ਰ ਨੇ ਮਨੁੱਖ ਨੂੰ ਬਿਲਕੁਲ ਸਿਧ ਬਣਾਇਆ, ਪਰ ਮਨੁੱਖ ਨੇ ਆਪਣੇ ਆਪ ਨੂੰ ਬਹੁਤ ਪੇਚੀਦਾ ਬਣਾ ਲਿਆ ਹੈ।"

ਦੂਸਰੀ ਗੱਲ ਅਸੀਂ ਇਹ ਵੇਖਦੇ ਹਾਂ ਕਿ ਪਰਮੇਸ਼ਰ ਦੀ ਪੁਵਿੱਤਰਤਾਈ ਪ੍ਰਯੌਜਨ ਦੇ ਕੰਮ ਵਿੱਚ ਨਜਰ ਆਉਂਦੀ ਹੈ। ਪਰਮੇਸ਼ਰ ਨੇ ਉਨ੍ਹਾਂ ਸਵਰਗ ਦੂਤਾਂ ਨੂੰ ਬਾਹਰ ਕੱਢ ਦਿੱਤਾ ਜਿੰਨਾਂ ਨੇ ਪਾਪ ਕੀਤਾ ਸੀ, ਅਤੇ ਉਨ੍ਹਾਂ ਨੂੰ ਉਨ੍ਹਾਂ ਜੰਜੀਰਾਂ ਵਿੱਚ ਬੰਨ ਦਿੱਤਾ ਜੋ ਕਿ ਨਿਆਂ ਦੇ ਦਿਨ ਉਨ੍ਹਾਂ ਦਾ ਇੰਤਜਾਰ ਕਰ ਰਹੀਆਂ ਹਨ। ਅਸੀਂ ਇਹ ਵੇਖਦੇ ਹਾਂ ਹਜਦ ਅਸੀਂ ਆਪਣੇ ਪਹਿਲੇ ਮਾਤਾ ਪਿਤਾ ਨੂੰ ਬਾਗ ਦੇ ਵਿੱਚੋਂ ਬਾਹਰ ਨਿਕਲਦੇ ਹੋਏ ਵੇਖਦੇ ਹਾਂ ਜਦ ਉਨ੍ਹਾਂ ਨੇ ਮਨ੍ਹਾਂ ਕੀਤੇ ਹੋਏ ਰੁੱਖ ਤੋਂ ਖਾਧਾ ਸੀ। ( ਉਤਪਤ 3:20–24) ਅਸੀਂ ਪਰਮੇਸ਼ਰ ਸੀ ਪਵਿੱਤਰਤਾਈ ਦਾ ਪ੍ਰਗਟਾਵਾ ਇਸ ਵਿੱਚ ਵੀ ਵੇਖਦੇ ਹਾਂ ਜਦ ਪਰਮੇਸ਼ਰ ਨੇ ਸੰਸਾਰ ਨੂੰ ਹੜ ਦੇ ਨਾਲ ਨਾਸ਼ ਕਰ ਦਿੱਤਾ ਕਿਉਂਕਿ ਧਰਤੀ ਤੇ ਦੁਸ਼ਟਤਾ ਇੰਨ੍ਹੀ ਜਿਆਦਾ ਸੀ। (ਉਤਪਤੀ 6) ਅਸੀਂ ਪਰਮੇਸ਼ਰ ਦੇ ਕ੍ਰੌਧ ਨੂੰ ਸਦੋਮ ਅਤੇ ਅਮੋਰਾਹ ਤੇ ਵੇਖਦੇ ਹਾਂ ਜਿੰਨਾਂ ਨੂੰ ਪਰਮੇਸ਼ਰ ਨੇ ਅੱਗ ਅਤੇ ਗੰਧਕ ਨਾਲ ਨਾਸ਼ ਕਰ ਦਿੱਤਾ। ਅਸੀਂ ਪਰਮੇਸ਼ਰ ਦੀ ਪਵਿੱਤਰਤਾ ਇਸਰਾਏਲ ਦੇ ਪਾਪਾਂ ਦੇ ਵਿਰੋਧ ਵਿੱਚ ਵੇਖਦੇ ਹਾਂ ਜਦ 70 ਈਸਵੀ ਦੇ ਵਿੱਚ ਪਰਮੇਸ਼ਰ ਨੇ ਰੋਮ ਦੇ ਹੱਥੋਂ ਯਰੂਸਲਮ ਦਾ ਨਾਸ਼ ਹੋਇਆ। ਉਨ੍ਹਾਂ ਦੀ ਨਬੀਆਂ ਨੂੰ ਮਾਰਨ ਦੀ ਦੁਸ਼ਟਤਾਂ ਦੇ ਕਾਰਣ ਪਰਮੇਸ਼ਰ ਨੇ ਆਪਣਾ ਅਖੀਰਲਾ ਨਬੀ ਉਨ੍ਹਾਂ ਦੇ ਕੋਲ ਭੇਜਿਆ ਅਰਥਾਤ ਆਪਣਾ ਪਿਆਰਾ ਪੁੱਤਰ।

ਤੀਸਰੀ ਗੱਲ ਅਸੀਂ ਪਰਮੇਸ਼ਰ ਦੀ ਪਵਿੱਤਰਤਾਈ ਉਸਦੇ ਵਚਨ ਦੇ ਵਿੱਚ ਪ੍ਰਗਟ ਹੁੰਦੀ ਹੋਈ ਵੇਖਦੇ ਹਾਂ। ਵਚਨ ਨੂੰ ਪਵਿੱਤਰ ਵਚਨ ਕਿਹਾ ਗਿਆ ਹੈ, ਕਿਉਂਕਿ ਇਸ ਦੇ ਦੁਆਰਾ ਪਰਮੇਸ਼ਰ ਬੋਲਦਾ ਹੈ। ਇਹ ਪਵਿੱਤਰੀਕਰਣ ਦਾ ਔਜਾਰ ਹੈ। ਪਰਮੇਸ਼ਰ ਦਾ ਵਚਨ ਆਪਣੇ ਸਾਰੇ ਹੁਕਮਾਂ, ਵਾਅਦਿਆਂ, ਅਤੇ ਚੇਤਾਵਨੀਆਂ ਦੇ ਵਿੱਚ ਪਵਿੱਤਰ ਹੈ।

**ਰੋਮ ੧:੨** "ਸ਼ੁਭ ਸਮਾਚਾਰ ਦੀ ਪ੍ਰਤਿਗਿਆ ਪਰਮੇਸ਼ਰ ਨੇ ਪਹਿਲੇ ਤੋਂ ਹੀ ਆਪਣੇ ਨਬੀਆਂ ਦੁਆਰਾ ਕੀਤੀ ਅਤੇ ਪਵਿੱਤਰ ਗ੍ਰੰਥਾਂ ਵਿਚ ਲਿਖਵਾਈ।"

**ਯੂਹੰਨਾਂ ੧੭:੧੭** "ਸਤ ਨਾਲ ਉਹਨਾਂ ਨੂੰ ਪਵਿੱਤਰ ਕਰ। ਤੇਰਾ ਵਚਨ ਹੀ ਸਤ ਹੈ।"

**੨ ਤਿਮੋਥਿਉਸ ੩:੧੬** "ਹਰ ਪਵਿਤਰ ਗ੍ਰੰਥ ਪਰਮੇਸ਼ਰ ਦੀ ਦੈਵੀ ਪਰੇਰਨਾ ਦੁਆਰਾ ਰਚਿਆ ਗਿਆ ਹੈ ਅਤੇ ਉਹ ਸਿਖਿਆ ਦੇ ਲਈ ਅਤੇ ਹਰ ਤਰ੍ਹਾਂ ਦੇ ਭਲੇ ਜੀਵਨ ਦੀ ਸਿਖਲਾਈ ਲਈ ਲਾਭਕਾਰੀ ਹੈ।"

**ਭਜਨ ੧੦੫ :੪੨** "ਕਿਉਂਕਿ ਪ੍ਰਭੂ ਨੇ ਆਪਣੇ ਦਾਸ ਅਬਰਾਹਾਮ ਨੂੰ ਦਿੱਤੀ, ਪਵਿੱਤਰ ਪ੍ਰਤਿਗਿਆ ਯਾਦ ਕੀਤੀ ਸੀ।"

**੨ ਪਤਰਸ ੧:੪** "ਇਸੇ ਦੇ ਆਧਾਰ ਤੇ ਉਸ ਨੇ ਸਾਨੂੰ ਉਤਮ ਅਤੇ ਕੀਮਤੀ ਪ੍ਰਤਿਗਿਆਵਾਂ ਦਿੱਤੀਆਂ ਹਨ, ਜਿਨ੍ਹਾਂ ਦੁਆਰਾ ਤੁਸੀਂ ਸੰਸਾਰ ਵਿਚਲੀਆਂ ਨਾਸ਼ਕ ਲਾਲਸਾਵਾਂ ਤੋਂ ਬਚ ਸਕਦੇ ਹੋ ਅਤੇ ਉਸ ਦੇ ਦੈਵੀ ਸੁਭਾ ਦੇ ਭਾਗੀ ਬਣ ਸਕਦੇ ਹੋ।"

ਚੋਥੀ ਗੱਲ ਅਸੀਂ ਵੇਖਦੇ ਹਾਂ ਕਿ ਪਰਮੇਸ਼ਰ ਦੀ ਪਵਿੱਤਰਤਾਈ ਛੁਟਕਾਰੇ ਦੇ ਕੰਮ ਵਿੱਚ ਨਜ਼ਰ ਆਉਂਦੀ ਹੈ। ਪਾਪ ਦੀ ਨਫਰਤ ਦੇ ਜਿੰਨੇ ਵੀ ਉਦਹਾਰਣ ਹਨ ਉਹ ਜੋ ਸਲੀਬ ਦੇ ਉੱਪਰ ਹੋਇਆ ਹੈ ਕੁਝ ਵੀ ਨਹੀ ਹਨ, ਜਿੱਥੇ ਪਰਮੇਸ਼ਰ ਨੇ ਆਪਣੇ ਪੁੱਤਰ ਨੂੰ ਪਾਪੀਆਂ ਲਈ ਏਵਜ ਦੇ ਵਿੱਚ ਦੇ ਦਿੱਤਾ। ਪਰਮੇਸ਼ਰ ਦੀ ਭਿਆਨਕ ਪਵਿੱਤਰਤਾਈ ਨਜ਼ਰ

ਆਉਂਦੀ ਹੈ ਜਦ ਅਸੀਂ ਵੇਖਦੇ ਹਾਂ ਕਿ ਪਰਮੇਸ਼ਰ ਨੇ ਆਪਣੇ ਹੀ ਪੁੱਤਰ ਦਾ ਸਰਫਾ ਨਹੀ ਕੀਤਾ ਉਸ ਨੇ ਉਸ ਦਾ ਵੀ ਨਿਆਂ ਕੀਤਾ ਜਦ ਉਸਨੇ ਸਾਡੇ ਪਾਪਾਂ ਨੂੰ ਆਪਣੇ ਸਰੀਰ ਤੇ ਰੁੱਖ ਉੱਤੇ ਚੁੱਕ ਲਿਆ:

**ਰੋਮ ੮:੩੨** "ਇਥੋਂ ਤਕ ਕਿ ਉਸ ਨੇ ਆਪਣੇ ਪੁੱਤਰ ਨੂੰ ਵੀ ਪਿਛੋ ਨਾ ਛਡਿਆ, ਸਗੋਂ ਸਾਡੇ ਸਾਰਿਆਂ ਦੇ ਲਈ ਉਸ ਨੂੰ ਬਲੀ ਚੜ੍ਹਾ ਦਿੰਤਾ – ਤਾਂ ਕੀ ਉਹ ਇਸ ਦੇ ਨਾਲ ਬਾਕੀ ਸਭ ਕੁਝ ਸਾਨੂੰ ਮੁਖ਼ਤ ਨਹੀਂ ਦੇਵੇਗਾ?"

**ਗਲਾਤੀਆਂ ੩:੧੩** "ਮਸੀਹ ਨੇ ਸਾਨੂੰ ਵਿਵਸਥਾ ਦੇ ਸਰਾਪ ਤੋਂ ਮੁਕਤ ਕਰ ਦੀਤਾ ਹੈ। ਉਸ ਨੇ ਸਾਡਾ ਉਹ ਸਰਾਪ ਆਪਣੇ ਉਤੇ ਲੈ ਲਿਆ ਹੈ, ਕਿਉਂਕਿ ਧਰਮ ਗ੍ਰੰਥ ਕਹਿੰਦਾ ਹੈ: ਸਲੀਬ ਤੇ ਚੜ੍ਹਿਆ ਜਾਣ ਵਾਲਾ ਹਰ ਕੋਈ ਸਰਾਪੀ ਠਹਿਰਦਾ ਹੈ।"

ਇਹੋ ਜਿਹੀ ਹੈ ਪਿਆਰਿਉ ਪਰਮੇਸ਼ਰ ਦੀ ਪਵਿੱਤਰਤਾਈ! ਉਹ ਜੋ ਸਵਰਗ ਦੀ ਖੁਸ਼ੀ ਸੀ, ਪਿਤਾ ਦਾ ਇਕਲੋਤਾ ਪੁੱਤਰ, ਉਸ ਨੇ ਵੀ ਪਰਮੇਸ਼ਰ ਦਾ ਭਿਆਨਕ ਕ੍ਰੋਧ ਝੱਲਿਆ ਅਤੇ ਉਸ ਦਾ ਵੀ ਸਰਫਾ ਨਹੀ ਕੀਤਾ ਗਿਆ। ਕਿੰਨਾਂ ਮੂਰਖਤਾ ਭਰਿਆ ਹੈ ਇਹ ਕਹਿਣਾ ਕਿ ਪਰਮੇਸ਼ਰ ਪਾਪ ਨੂੰ ਨਜ਼ਰਅੰਦਾਜ ਕਰ ਦਿੰਦਾ ਹੈ। ਅਤੇ ਉਸਦੇ ਨਿਆਂ ਦਾ ਡਰ ਰੱਖਣ ਦੀ ਕੋਈ ਲੋੜ ਨਹੀ ਹੈ। ਅੱਜ ਕਿੰਨੇ ਸਾਰੇ ਪਰਚਾਰਕ ਅੱਜ ਇਸ ਗੱਲ ਦਾ ਦਿਲੇਰੀ ਨਾਲ ਪ੍ਰਚਾਰ ਕਰਦੇ ਹਨ!

ਪਰਮੇਸ਼ਰ ਦੀ ਪਵਿੱਤਰਤਾਈ ਮਨੁੱਖਾਂ ਦੇ ਦਿਲ ਵਿੱਚ ਦਹਿਸ਼ਤ ਲੈ ਆਉਣੀ ਚਾਹੀਦੀ ਹੈ ਜੋ ਕਿ ਪਾਪ ਵਿੱਚ ਪੈਦਾ ਹੁੰਦੇ ਅਤੇ ਜਨਮ ਲੈਂਦੇ ਹਨ। (ਭਜਨ 51:5) ਜਿਸ ਵਜ੍ਹਾ ਦੇ ਨਾਲ ਲੋਕ ਨਹੀ ਡਰਦੇ ਹਨ ਉਹ ਇਸ ਗੱਲ ਨੂੰ ਵਿਖਾਉਂਦਾ ਹੈ ਕਿ ਲੋਕ ਜਿਉਂਦੇ ਪਰਮੇਸ਼ਰ ਤੋਂ ਕਿੰਨੇ ਅਣਜਾਣ ਹਨ। ਉਹ ਆਪਣੀ ਹੀ ਕਲਪਨਾ ਦਾ ਇੱਕ ਪਰਮੇਸ਼ਰ ਬਣਾ ਕੇ ਪਾਪ ਦੇ ਵਿੱਚ ਰੁੱਝੇ ਰਹਿੰਦੇ ਹਨ। ਮੇਰੇ ਮਿੱਤਰੋ ਜੇਕਰ ਤੁਸੀਂ ਇਹ ਪੜ ਕੇ ਵੀ ਪਾਪ ਦੇ ਪ੍ਰਤੀ ਗੰਭੀਰ ਨਹੀ ਹੁੰਦੇ ਤਾਂ ਇਹ ਚੇਤਾਵਨੀ ਹੈ, ਜੇਕਰ ਪਰਮੇਸ਼ਰ ਨੇ ਆਪਣੇ ਪੁੱਤਰ ਦਾ ਵੀ ਸਰਫਾ ਨਹੀ ਕੀਤਾ, ਤਾਂ ਜਦ ਉਹ ਨਿਆਂ ਕਰੇਗਾ ਤਾਂ ਤੁਹਾਨੂੰ ਵੀ ਬਿਲਕੁਲ ਨਹੀ ਬਖਸ਼ੇਗਾ!

ਇੱਕ ਹੀ ਤਰੀਕਾ ਹੈ ਜਿਸਦੇ ਦੁਆਰਾ ਤੁਸੀਂ ਇਹੋ ਜਿਹੇ ਪਵਿੱਤਰ ਪਰਮੇਸ਼ਰ ਦਾ ਸਾਹਮਣਾ ਕਰ ਸਕਦੇ ਹੋ, ਕਿ ਤੁਸੀਂ ਉਸਦੇ ਪੁੱਤਰ ਯਿਸੂ ਦੀ ਧਾਰਮਿਕਤਾ ਨੂੰ ਪਹਿਨ ਲਵੋ। ਇਹ ਉਸ ਸਮੇਂ ਹੁੰਦਾ ਹੈ ਜਦ ਅਸੀਂ ਵਿਸ਼ਵਾਸ ਕਰਦੇ ਹਾਂ ਕਿ ਉਸਨੇ ਸਾਡੇ ਪਾਪਾਂ ਨੂੰ ਰੁੱਖ ਉੱਤੇ ਚੁੱਕ ਕੇ ਸਜ਼ਾ ਝੱਲ ਲਈ ਹੈ ਅਤੇ ਸਾਨੂੰ ਉਸ ਨੇ ਆਪਣੀ ਸਿੱਧ ਧਾਰਮਿਕਤਾ ਦਿੱਤੀ ਹੈ ਜੋ ਕਿ ਉਸਦੀ ਆਗਿਆਕਾਰੀ ਦੇ ਨਾਲ ਆਉਂਦੀ ਹੈ, ਸਾਡੀ ਪਰਮੈਸ਼ਰ ਦੇ ਨਾਲ ਸ਼ਾਂਤੀ ਹੋ ਜਾਂਦੀ ਹੈ। ਸਿਰਫ ਸਾਡੇ ਪਾਪ ਹੀ ਮਾਫ ਨਹੀ ਹੋ ਜਾਂਦੇ, ਪਰਮੇਸ਼ਰ ਆਪਣੇ ਪਵਿੱਤਰ ਆਤਮਾ ਨੂੰ ਦਿੰਦਾ ਹੈ ਜੋ ਕਿ ਸਾਡੇ ਜੀਵਨਾਂ ਦੇ ਵਿੱਚ ਵੱਸਦਾ ਹੈ, ਤਾਂ ਅਸੀਂ ਹਰ ਰੋਜ ਪਵਿੱਤਰ ਹੋ ਸਕੀਏ ਅਤੇ ਉਸਦੇ ਪੁੱਤਰ ਦੇ ਸਰੂਪ ਤੇ ਬਣ ਸਕੀਏ।

ਇਹ ਗੁਣ ਇੱਕ ਵਿਸ਼ਵਾਸੀ ਤੇ ਕਿਵੇਂ ਪ੍ਰਭਾਵ ਪਾ ਸਕਦਾ ਹੈ ? ਪਹਿਲੀ ਗੱਲ ਸਾਨੂੰ ਪੂਰੇ ਜਜਬੇ ਦੇ ਨਾਲ ਪਾਪ ਨੂੰ ਨਫਰਤ ਕਰਨੀ ਚਾਹੀਦੀ ਹੈ। ਕਿਉਂਕਿ ਇਹੀ ਇੱਕ ਚੀਜ ਹੈ ਇਸ ਬ੍ਰਹਿਮੰਡ ਦੇ ਉੱਪਰ ਜੋ ਪਰਮੇਸ਼ਰ ਦੀ ਵਿਰੋਧਤਾ ਕਰਦੀ ਹੈ। ਦੂਸਰੀ ਗੱਲ ਜੇਕਰ ਅਸੀਂ ਪਰਮੇਸ਼ਰ ਨੂੰ ਪਿਆਰ ਕਰਦੇ ਹਾਂ ਤਾਂ ਸਾਨੂੰ ਉਸਦੀ ਪਵਿੱਤਰਤਾਈ ਦੇ ਵਿੱਚ ਰੀਸ ਕਰਨੀ ਚਾਹੀਦੀ ਹੈ। ਇਹੀ ਪਤਰਸ ਦੇ ਕਹਿਣ ਦਾ ਅਰਥ ਜਦ ਉਹ ਈਸ਼ਵਰੀ ਸੁਭਾਅ ਦੇ ਸਾਂਝੀ ਹੋਣ ਦੀ ਗੱਲ ਕਰਦਾ ਹੈ। ਇਸਦਾ ਅਰਥ ਇਹ ਨਹੀ ਕਿ ਅਸੀਂ ਪਰਮੇਸ਼ਰ ਨਾਲ ਇੱਕ ਹੋ ਜਾਂਦੇ ਹਾਂ, ਪਰ ਅਸੀਂ ਪਰਮੇਸ਼ਰ ਦੇ ਨੈਤਿਕ ਚਰਿੱਤਰ ਤੇ ਹੋਰ ਵੀ ਬਣ ਜਾਂਦੇ ਹਾਂ। ਇਹ ਇੱਕ ਗੁਣ ਹੈ ਜੋ ਕਿ ਇੱਕ ਵਿਸ਼ਵਾਸੀ ਨੂੰ ਗੈਰ ਵਿਸ਼ਵਾਸੀ ਤੋਂ ਅਲੱਗ ਕਰਦਾ ਹੈ। ਇਸ ਲਈ ਇਹ ਕਿਹਾ ਜਾਂਦਾ ਹੈ ਕਿ ਪਵਿੱਤਰਤਾਈ ਤੋਂ ਬਿਨਾਂ ਕੋਈ ਪਰਮੇਸ਼ਰ ਨੂੰ ਨਹੀ ਵੇਖੇਗਾ। ਇਹ ਸਾਡਾ ਯੋਗਦਾਨ ਨਹੀ ਹੈ, ਪਰ ਇਸ ਦੀ ਬਜਾਇ ਇਹ ਉਹ ਹੈ ਜੋ ਕਿ ਪਰਮੇਸ਼ਰ ਆਪਣੇ ਆਪ ਕਰਦਾ ਹੈ ਕਿ ਉਨ੍ਹਾਂ ਨੂੰ ਉਹ ਮਹਿਮਾ ਲਈ ਤਿਆਰ ਕਰੇ।

ਜਿਵੇਂ ਅਸੀਂ ਆਪਣੇ ਪਾਪਾਂ ਤੋਂ ਜਾਣੂ ਹੋ ਜਾਂਦੇ ਹਾਂ, ਤਾਂ ਆਉ ਅਸੀਂ ਯਿਸੂ ਦੇ ਚਰਨਾਂ ਦੇ ਵਿੱਚ ਦੌੜਦੇ ਹੋਏ ਜਾਈਏ ਜੋ ਕਿ ਸਾਨੂੰ ਸਾਡੇ ਸਭ ਪਾਪ ਤੋਂ ਸਾਫ ਕਰ ਸਕਦਾ ਹੈ। ਆਉ ਅਸੀਂ ਉਵੇਂ ਪ੍ਰਾਥਨਾ ਕਰੀਏ ਜਿਵੇਂ ਦਾਊਦ ਨੇ ਕੀਤੀ, "ਮੇਰੇ ਅੰਦਰ ਇੱਕ ਸਾਫ ਦਿਲ ਉਤਪੰਨ

ਕਰ" (ਭਜਨ 51:10) ਆਉ ਅਸੀਂ ਉਨ੍ਹਾਂ ਨਾਲ ਮਿਲੇ ਰਹੀਏ ਜੋ ਕਿ ਪਵਿੱਤਰ ਹਨ। ਜਿਵੇਂ ਵਾਟਸਨ ਲਿਖਦਾ ਹੈ, "ਮਸਾਲਿਆਂ ਵਿੱਚ ਰਹੋਗੇ ਤਾਂ ਤੁਹਾਡੇ ਅੰਦਰ ਵੀ ਉਹੀ ਖ਼ੁਸ਼ਬੂ ਆ ਜਾਵੇਗੀ"

**ਕਹਾਉਤਾਂ ੧੩:੨੦** "ਸਮਝਦਾਰ ਦਾ ਸਾਥੀ ਸਮਝਦਾਰ ਹੋ ਜਾਂਦਾ ਹੈ, ਪਰ ਮੂਰਖ ਦਾ ਸਾਥੀ ਮੂਰਖ ਹੋ ਜਾਂਦਾ ਹੈ।"

6

# ਪਰਮੇਸ਼ਰ ਪੂਰੀ ਤਰਾਂ ਧਰਮੀ ਹੈ

ਪਰਮੇਸ਼ਰ ਆਪਣੇ ਆਪ ਵਿੱਚ ਧਰਮੀ ਹੈ, ਅਤੇ ਉਹ ਆਪਣੇ ਸਾਰੇ ਕੰਮਾਂ ਵਿੱਚ ਵੀ ਧਰਮੀ ਹੈ। ਉਹ ਹਰ ਵਿਅਕਤੀ ਉਹ ਪ੍ਰਦਾਨ ਕਰਦਾ ਹੈ ਜਿਸਦੇ ਉਹ ਯੋਗ ਹੈ। ਪਰਮੇਸ਼ਰ ਦੇ ਨਿਆਂ ਦੇ ਬਾਰੇ ਵਚਨ ਵਿੱਚ ਨਕਰਾਤਮਕ ਅਤੇ ਸਕਰਾਤਮਕ ਦੋਹਾਂ ਤਰੀਕੀਆਂ ਨਾਲ ਲਿਖਿਆਂ ਹੋਇਆ ਹੈ ਜਿਵੇਂ ਕਿ ਅਸੀਂ ਹੇਠ ਲਿਖੇ ਪਦਾਂ ਵਿੱਚ ਵੇਖਦੇ ਹਾਂ:

**ਬਿਵਸਥਾਸਾਰ ੩੨:੪** "ਪ੍ਰਭੂ ਚੱਟਾਨ ਦੀ ਤਰ੍ਹਾਂ ਨਾ ਹਿਲਨ ਵਾਲਾ ਹੈ, ਉਸਦੇ ਕੰਮ ਪੂਰਨ ਅਤੇ ਉਸਦੇ ਰਾਹ ਸੱਚੇ ਹਨ। ਉਹ ਵਿਸ਼ਵਾਸ ਜੋਗ ਅਤੇ ਨਿਆਈ ਪਰਮੇਸ਼ਰ ਹੈ। ਉਹ ਸੱਚਾ ਅਤੇ ਭਲਾ ਹੈ।"

**ਯਸਾਯਹ ੪੫: ੨੧** "ਉਸੀਂ ਅਦਾਲਤ ਵਿਚ ਆਪਣਾ ਮਾਮਲਾ ਪੇਸ਼ ਕਰੋ, ਅਤੇ ਇਕ ਦੂਜੇ ਨਾਲ ਸਲਾਹ-ਮਸ਼ਵਰਾ ਵੀ ਕਰੋ। ਕਿਸ ਨੇ ਪਹਿਲਾਂ ਹੀ ਦਸਿਆ ਸੀ ਕਿ ਇਹ ਸਭ ਕੁਝ ਵਾਪਰੇਗਾ? ਕੀ ਇਹ ਮੈਂ, ਪ੍ਰਭੂ ਨਹੀਂ ਸਾਂ ਜਿਸ ਨੇ ਲੋਕਾਂ ਨੂੰ ਬਚਾਇਆ ਹੈ? ਕੋਈ ਦੂਜਾ ਦੇਵਤਾ ਨਹੀਂ ਹੈ।"

**ਰਸੂਲਾਂ ਦੇ ਕਰਤੱਬ ੭:੫੨** "ਕੀ ਕੋਈ ਇਹੋ ਜਿਹਾ ਨਬੀ ਹੈ, ਜਿਸ ਨੂੰ ਤੁਹਾਡੇ ਪੁਰਖਿਆਂ ਨੇ ਨਹੀਂ ਸਤਾਇਆ? ਉਹਨਾਂ ਨੇ ਧਰਮੀ ਮਨੁੱਖ ਦੇ ਆਉਣ ਬਾਰੇ ਅਗੰਮੀਵਾਕ ਕਰਨ ਵਾਲਿਆਂ ਦਾ ਕਤਲ ਕੀਤਾ ਸੀ

ਅਤੇ ਹੁਣ ਤੁਸੀਂ ਉਸ ਨਾਲ ਵਿਸ਼ਵਾਸਘਾਤ ਕੀਤਾ ਅਤੇ ਉਸ ਨੂੰ ਮਾਰ ਦਿੱਤਾ।"

**ਰੋਮ ੩:੫** "ਪਰ ਜੇਕਰ ਸਾਡੀ ਬੁਰਾਈ ਪਰਮੇਸ਼ਰ ਦੀ ਅਛਾਈ ਨੂੰ ਪ੍ਰਗਟ ਕਰਦੀ ਹੈ, ਤਾਂ ਅਸੀਂ ਕੀ ਕਹੀਏ? ਇਹ ਕਿ ਜਦੋਂ ਪਰਮੇਸ਼ਰ ਦੈਵੀ ਸਜ਼ਾ ਦਿੰਦਾ ਹੈ, ਤਾਂ ਉਹ ਅਨਿਆਂ ਕਰਦਾ ਹੈ? (ਮੈਂ ਏਥੇ ਮਨੁੱਖੀ ਬੋਲੀ ਵਿਚ ਬੋਲ ਰਿਹਾ ਹਾਂ)"

**ਭਜਨ ੯੨:੧੫** "ਇਸ ਤੋ ਪ੍ਰਗਤ ਹੈ ਕਿ ਪ੍ਰਭੂ ਭਲਾ ਹੈ, ਉਹ ਮੇਰੇ ਬਚਾਓ ਦੀ ਚਟਾਨ ਹੈ, ਅਤੇ ਉਸ ਵਿਚ ਇਸੇ ਤਰ੍ਹਾਂ ਦਾ ਭੈੜ ਨਹੀਂ।"

ਪਰਮੇਸ਼ਰ ਕਿਉਂ ਕਿ ਉਹ ਧਰਮੀ ਹੈ ਉਹ ਹਰ ਇੱਕ ਮਨੁੱਖ ਨੂੰ ਉਸ ਦੇ ਕੀਤੇ ਦੇ ਅਨੁਸਾਰ ਫਲ ਦੇਵੇਗਾ।

**ਅੱਯੂਬ ੩੩:੨੬** "ਫਿਰ ਜਦੋਂ ਉਹ ਪ੍ਰਰਥਨਾ ਕਰੇਗਾ, ਤਾਂ ਪਰਮੇਸ਼ਰ ਸੁਣੇਗਾ; ਉਹ ਪਰਮੇਸ਼ਰ ਦੀ ਉਪਾਸਨਾ ਖੁਸ਼ੀ ਨਾਲ ਕਰੇਗਾ, ਪਰਮੇਸ਼ਰ ਉਸ ਨੂੰ ਫਿਰ ਉਚਿਤ ਠਹਿਰਾਏਗਾ।"

**ਯਿਰਮਿਯਾਹ ੧੭:੧੦** "ਮੈਂ ਪ੍ਰਭੂ ਮਨ ਦੀ ਜਾਂਚ ਕਰਦਾ, ਅਤੇ ਮਨੁੱਖ ਦਿੱਲਾਂ ਨੂੰ ਪਰਖਦਾ ਹਾਂ। ਮੈਂ ਹਰ ਇਕ ਮਨੁੱਖ ਨੂੰ ਉਸ ਦੇ ਆਚਰਨ ਅਨੁਸਾਰ ਅਤੇ ਉਸਦੇ ਕਿਤੇ ਕੰਮਾ ਅਨੁਸਾਰ ਬਦਲਾ ਦੇਵਾਂਗਾ।"

ਇੱਕ ਪ੍ਰਸ਼ਨ ਸਾਡੇ ਮਨ ਵਿੱਚ ਆ ਸਕਦਾ ਹੈ, ਜੇਕਰ ਪਰਮੇਸ਼ਰ ਧਰਮੀ ਹੈ ਤਾਂ ਉਹ ਕਿਹੜੇ ਸਤਰ ਨਾਲ ਮਾਪਦਾ ਹੈ ਜੇਕਰ ਕੋਈ ਵੀ ਸਤਰ ਪਰਮੇਸ਼ਰ ਤੋਂ ਉੱਚਾ ਹੈ ਤਾਂ ਕੀ ਉਹ ਪਰਮੇਸ਼ਰ ਤੋਂ ਉੱਚਾ ਨਹੀ ਹੋ ਜਾਂਦਾ ਹੈ, ਇਸ ਲਈ ਪਰਮੇਸ਼ਰ ਤਾਂ ਪਰਮੇਸ਼ਰ ਨਹੀ ਰਹਿ ਜਾਂਦਾ ਹੈ? ਮੇਰੇ ਤੇ ਵਿਸ਼ਵਾਸ ਕਰੋ ਜਾਂ ਨਾ, ਪਰ ਇਸ ਸਵਾਲ ਦੇ ਉੱਪਰ ਪੁਰਾਣੇ ਧਰਮ ਵਿਗਿਆਨੀ ਦੀ ਬਹਿਸ ਹੋ ਚੁੱਕੀ ਹੈ। ਕਈ ਲੋਕ ਕਹਿੰਦੇ ਸਨ ਕਿ ਪਰਮੇਸ਼ਰ ਕਨੂੰਨਾਂ ਦੇ ਅਧੀਨ ਹੈ। ਦੂਸਰਿਆਂ ਨੂੰ ਇਸ ਵਿੱਚ ਬਹੁਤ ਪਰੇਸ਼ਾਨੀ ਨਜਰ ਆਈ, ਅਤੇ ਕਿਹਾ ਕਿ ਪਰਮੇਸ਼ਰ ਕਨੂੰਨਾਂ ਤੋਂ ਬਾਹਰ

ਹੈ ਪਰ ਇਸ ਨਾਲ ਉਹ ਤਾਨਾਸ਼ਾਹ ਬਣ ਜਾਂਦਾ ਹੈ। ਪਰ ਸਹੀ ਉੱਤਰ ਇਹ ਹੈ ਕਿ ਪਰਮੇਸ਼ਰ ਆਪਣੇ ਆਪ ਵਿੱਚ ਕਨੂੰਨ ਹੈ। ਉਹ ਆਪਣੇ ਸੁਭਾਅ ਦੁਆਰਾ ਚੱਲਦਾ ਹੈ। ਜਿਸ ਦੇ ਬਾਰੇ ਅਸੀਂ ਵੇਖ ਰਹੇ ਸੀ ਕਿ ਉਹ ਪਵਿੱਤਰ, ਭਲਾ ਅਤੇ ਬੁੱਧੀਮਾਨ ਹੈ। ਪਰਮੇਸ਼ਰ ਤਾਨਾਸ਼ਾਹਾਂ ਦੀ ਤਰਾਂ ਕੰਮ ਨਹੀ ਕਰਦਾ ਹੈ,ਕਿ ਇੱਕ ਪਲ ਤਾਂ ਉਹ ਕੁਝ ਕਹੇ ਅਤੇ ਦੂਸਰੇ ਹੀ ਪਲ ਉਹ ਬਦਲ ਜਾਵੇ। ਪਰਮੇਸ਼ਰ ਆਪਣੇ ਆਪ ਦੇ ਸਿੱਧ ਸਤਰ ਵਿੱਚ ਧਰਮੀ ਹੈ।

ਪਰਮੇਸ਼ਰ ਦੇ ਨਿਆਂ ਨੂੰ ਅਕਸਰ ਹੀ ਕਈ ਤਰੀਕੀਆਂ ਦੇ ਨਾਲ ਬੋਲਿਆਂ ਜਾਂਦਾ ਹੈ। ਪਹਿਲਾ, ਇਸਦਾ ਅਰਥ ਹੈ ਕਿ ਜੋ ਕਨੂੰਨ ਪਰਮੇਸ਼ਰ ਨੇ ਦਿੱਤੇ ਹਨ ਉਹ ਧਰਮੀ ਅਤੇ ਭਲੇ ਹਨ। ਇਹ ਸਾਡੇ ਸੱਭਿਆਚਾਰ ਦੀ ਇੱਕ ਦੁਖਦ ਵਿਆਖਿਆ ਹੈ ਕਿ ਇਹ ਪਰਮੇਸ਼ਰ ਦੇ ਸਿੱਧ ਕਨੂੰਨਾਂ ਦਾ ਤਿਰਸਕਾਰ ਕਰਦਾ ਹੈ। ਜਦ ਦਸ ਹੁਕਮਾਂ ਦੀ ਗੱਲ ਆਉਂਦੀ ਹੈ ਤਾਂ ਲੋਕ ਗੁੱਸੇ ਨਾਲ ਅੱਗ ਬਬੂਲੇ ਹੋ ਜਾਂਦੇ ਹਨ। ਪਰ ਜਦ ਅਸੀਂ ਪੁੱਛਦੇ ਹਾਂ ਕਿ ਤੁਹਾਨੂੰ ਕੀ ਪਰੇਸ਼ਾਨੀ ਹੈ ਤਾਂ ਉਹ ਕੋਈ ਜਵਾਬ ਨਹੀ ਦੇ ਪਾਉਂਦੇ ਹਨ। ਜੇਕਰ ਇੱਕ ਹੀ ਪਰਮੇਸ਼ਰ ਹੈ ਤਾਂ ਉਹ ਸਾਡੀ ਆਰਾਧਨਾ ਦੇ ਯੋਗ ਹੈ। ਉਸਦੇ ਕੋਲ ਹੱਕ ਹੈ ਕਿਸ ਤਰੀਕੇ ਨਾਲ ਉਸਦੀ ਆਰਾਧਨਾ ਹੋਵੇ ਉਹ ਮੰਗ ਕਰੇ। ਉਸਦੇ ਨਾਮ ਨੂੰ ਵਿਅਰਥ ਵਿੱਚ ਲੈਣਾ ਉਸਦੇ ਪ੍ਰਤੀ ਸਾਂਤ ਨਫਰਤ ਹੈ। ਉਸਦੇ ਕੋਲ ਹੱਕ ਹੈ ਸਾਨੂੰ ਦੱਸਣ ਦਾ ਕਿ ਅਸੀਂ ਆਪਣੇ ਸਮੇਂ ਨੂੰ ਕਿਵੇਂ ਬਿਤਾਈਏ ਕਿਉਂਕਿ ਉਸਨੇ ਸਾਨੂੰ ਸਮਾਂ ਦਿੱਤਾ ਹੈ। ਕੋਈ ਨਹੀ ਚਾਹੇਗਾ ਕਿ ਕੋਈ ਚੋਰੀ ਕਰੇ, ਝੂਠ ਬੋਲੇ, ਕਤਲ ਕਰੇ ਜਾਂ ਝੂਠੀ ਗਾਵਾਹੀ ਦੇਵੇ। ਫਿਰ ਮਨੁੱਖ ਇੰਨ੍ਹਾਂ ਪਵਿੱਤਰ ਹੁਕਮਾਂ ਦਾ ਵਿਰੋਧੀ ਕਿਉਂ ਹੈ? ਇੱਕ ਹੀ ਉੱਤਰ ਦਿੱਤਾ ਜਾ ਸਕਦਾ ਹੈ, ਮਨੁੱਖ ਦਾ ਪਰਮੇਸ਼ਰ ਦੇ ਨਾਲ ਵੈਰ ਹੈ। (ਰੋਮ 8:7) ਇਹ ਪਰਮੇਸ਼ਰ ਲਈ ਬਿਲਕੁਲ ਸਹੀ ਹੈ ਕਿ ਉਹ ਆਪਣੇ ਤਰਕਸ਼ੀਲ ਅਤੇ ਨੈਤਿਕ ਪ੍ਰਾਣੀਆਂ ਨੂੰ ਕਨੂੰਨ ਦੇ ਵਿੱਚ ਬੰਨੇ ਜਿਸਦੇ ਵਿੱਚ ਉਹ ਜੀਉਣ, ਅਤੇ ਜਿਸਦੇ ਦੁਆਰਾ ਉਨ੍ਹਾਂ ਦਾ ਨਿਆਂ ਹੋ ਸਕੇ।

ਦੂਸਰੀ ਗੱਲ ਪਰਮੇਸ਼ਰ ਦੇ ਨਿਆਂ ਦਾ ਅਰਥ ਹੈ ਕਿ ਉਹ ਹਰ ਇੱਕ ਮਨੁੱਖ ਨੂੰ ਉਸ ਅਨੁਸਾਰ ਬਦਲਾ ਦੇਵੇ ਜਿਸ ਤਰੀਕੇ ਨਾਲ ਉਸ ਨੇ

ਪਰਮੇਸ਼ਰ ਦੇ ਕਨੂੰਨ ਨੂੰ ਮਾਪ ਕੇ ਰੱਖਿਆ। ਸਿਰਫ ਉਹੀ ਕੰਮਾਂ ਦਾ ਨਿਆਂ ਨਹੀ ਹੋਵੇਗਾ ਜੋ ਕਿ ਕਨੂੰਨਾਂ ਦੇ ਵਿਰੋਧ ਵਿੱਚ ਹਨ ਬਲਕਿ ਜੋ ਕਨੂੰਨ ਸਾਡੇ ਕੋਲੋ ਕਰਨ ਦੀ ਮੰਗ ਕਰਦਾ ਹੈ, ਜੇਕਰ ਅਸੀਂ ਨਹੀ ਕਰਦੇ ਹਾਂ ਤਾਂ ਵੀ ਸਾਡਾ ਨਿਆਂ ਹੋਵੇਗਾ। ਸੋ ਸਾਡੇ ਪ੍ਭੂ ਨੇ ਦਸ ਹੁਕਮਾਂ ਨੂੰ ਇਸ ਵਿੱਚ ਸੰਖੇਪ ਕਰ ਕੇ ਦੱਸ ਦਿੱਤਾ ਕਿ ਅਸੀਂ ਆਪਣੇ ਪਮਰੇਸ਼ਰ ਨੂੰ ਪੂਰੇ ਦਿਲ, ਮਨ , ਜਾਨ ਅਤੇ ਬਲ ਨਾਲ ਪਿਆਰ ਕਰੀਏ ਅਤੇ ਆਪਣੇ ਗੁਆਂਢੀਆਂ ਨੂੰ ਆਪਣੇ ਵਾਂਗਰ ਪਿਆਰ ਕਰੀਏ। (ਮਤੀ 22:36-37)

**ਮਤੀ ੨੨:੩੬,੩੭** "ਗੁਰੂ ਜੀ, ਸਭ ਤੋਂ ਵਡੀ ਆਗਿਆ ਕਿਹੜੀ ਹੈ? ਯਿਸੂ ਨੇ ਉਸਨੂੰ ਉੱਤਰ ਦਿਤਾ, ਪ੍ਭੂ ਆਪਣੇ ਪਰਮੇਸ਼ਰ ਨੂੰ ਆਪਣੇ ਸਾਰੇ ਦਿਲ, ਸਾਰੇ ਪ੍ਾਣ, ਅਤੇ ਸਾਰੀ ਬੁਧ ਨਾਲ ਪਿਆਰ ਕਰ।"

ਮਨੁੱਖਾਂ ਦੇ ਵਿੱਚੋਂ ਕੋਣ ਕਹਿ ਸਕਦਾ ਹੈ ਕਿ ਮੈਂ ਆਪਣੀ ਪੂਰੀ ਜਿੰਦਗੀ ਪਰਮੇਸ਼ਰ ਨੂੰ ਪਿਆਰ ਕੀਤਾ ਹੈ? ਮਨੁੱਖ ਅਕਸਰ ਹੀ ਸੋਚਦੇ ਹਨ ਕਿ ਸਿਰਫ ਬੁਰੀਆਂ ਗੱਲਾਂ ਦਾ ਨਿਆਂ ਹੋਵੇਗਾ, ਪਰ ਉਹ ਭੁੱਲ ਜਾਂਦੇ ਹਨ ਕਿ ਇਹ ਦੁਸ਼ਟਤਾ ਭਰੀ ਗੱਲ ਹੈ ਕਿ ਉਹ ਜਿਉਂਦੇ ਪਰਮੇਸ਼ਰ ਦੀ ਆਰਾਧਨਾ ਨਹੀ ਕਰਦੇ ਹਨ ਜਿਸ ਦੇ ਅਸੀਂ ਇਸ ਜਿੰਦਗੀ ਦੇ ਵਾਸਤੇ ਕਰਜ਼ਦਾਰ ਹਾਂ ਅਤੇ ਜੋ ਵੀ ਭਲੀਆਂ ਚੀਜਾਂ ਦਾ ਅਸੀਂ ਅਨੰਦ ਮਾਣਦੇ ਹਾਂ। ਇਸ ਸਤਰ ਤੋਂ ਨਿਆਂ ਦੇ ਵਿੱਚ ਸਭ ਮਨੁੱਖ ਨੀਵੇਂ ਡਿੱਗਦੇ ਹਨ ਅਤੇ ਉਹ ਨਾਸ਼ ਦੇ ਭਾਗੀਦਾਰ ਹਨ। ਸਿਰਫ ਇੱਕ ਹੀ ਹੈ ਜਿਸ ਨੇ ਸਭ ਹੁਕਮਾਂ ਨੂੰ ਪੂਰੀ ਤਰਾਂ ਮੰਨਿਆ ਹੈ। ਇਹ ਸੀ ਪ੍ਭੂ ਅਤੇ ਮੁਕਤੀਦਾਤਾ ਪ੍ਭੂ ਯਿਸੂ ਮਸੀਹ। ਉਸ ਨੇ ਇਹ ਸਿਰਫ ਆਪਣੇ ਆਪ ਵਾਸਤੇ ਹੀ ਨਹੀ ਕੀਤਾ ਪਰ ਉਹ ਲੋਕਾਂ ਦੇ ਪ੍ਤੀਨਿਧੀ ਸਨ। ਸਭ ਜੋ ਉਸ ਤੇ ਵਿਸ਼ਵਾਸ ਕਰਦੇ ਹਨ, ਉਸਦੀ ਧਾਰਮਿਕਤਾ ਨੂੰ ਪਛਾਣਦੇ ਹਨ, ਇਸ ਲਈ ਪਰਮੇਸ਼ਰ ਉਨ੍ਹਾਂ ਨੂੰ ਇਸ ਤਰੀਕੇ ਨਾਲ ਵੇਖਦਾ ਹੈ ਜੋ ਕਿ ਉਸਦੇ ਕਨੂੰਨਾਂ ਦੇ ਅਨੁਸਾਰ ਖੜੇ ਹੋ ਸਕਦੇ ਹਨ। ਸਿਰਫ ਧਾਰਮਿਕਤਾ ਹੀ ਹੈ ਜਿਸਦੇ ਦੁਆਰਾ ਇੱਕ ਪਾਪੀ ਪਰਮੇਸ਼ਰ ਦੇ ਨਾਲ ਸਹੀ ਹੋ ਸਕਦਾ ਹੈ। ਅਸੀਂ ਇਸ ਰਿਸ਼ਤੇ ਦੇ ਵਿੱਚ ਉਸ ਸਮੇਂ ਆਉਂਦੇ ਹਾਂ ਜਦ ਅਸੀਂ ਪ੍ਭੂ ਯਿਸੂ ਮਸੀਹ ਤੇ ਵਿਸ਼ਵਾਸ ਕਰਦੇ ਹਾਂ ਅਤੇ ਸਾਡੇ ਪਾਪ ਉਸ ਵਿੱਚ ਪਛਾਣੇ ਜਾਂਦੇ ਹਨ। ਇਸ ਤਰੀਕੇ ਦੇ ਨਾਲ ਅਸੀਂ ਧਰਮੀ ਠਹਿਰ ਜਾਂਦੇ ਹਾਂ।

**ਭਜਨ ੧੪੩:੨** "ਤੂੰ ਆਪਣੇ ਇਸ ਦਾਸ ਦਾ ਨਿਆਂ ਨਾ ਕਰ, ਕਿਉਂਕਿ ਤੇਰੇ ਸਾਹਮਣੇ ਕੋਈ ਵੀ ਮਨੁੱਖ ਭਲਾ ਨਹੀਂ।"

**੨ ਕੁਰਿੰਥੀਆਂ ੫:੨੧** "ਮਸੀਹ ਬਿਲਕੁਲ ਪਾਪ ਰਹਿਤ ਸੀ, ਪਰ ਫਿਰ ਵੀ ਪਰਮੇਸ਼ਰ ਨੇ ਉਸ ਨੂੰ ਸਾਡੇ ਖ਼ਾਤਰ ਸਾਡੇ ਪਾਪਾਂ ਦਾ ਭਾਗੀ ਬਣਾਇਆ ਕਿ ਉਸ ਦੇ ਰਾਹੀਂ ਅਸੀਂ ਪਰਮੇਸ਼ਰ ਦੀ ਭਲਾਈ ਦੇ ਭਾਗੀ ਬਣੀਏ।"

**ਰੋਮ ੩:੨੪,੨੫** "ਪਰ ਉਹ ਸਾਰੇ ਪਰਮੇਸ਼ਰ ਦੇ ਸੁਖ਼ਤ ਕਿਰਪਾ ਦੇ ਵਰਦਾਨ ਰਾਹੀਂ ਯਿਸੂ ਮਸੀਹ ਦੇ ਦੁਆਰਾ ਉਚਿਤ ਠਹਿਰਾਏ ਗਏ ਹਨ। 25 ਪਰਮੇਸ਼ਰ ਨੇ ਯਿਸੂ ਮਸੀਹ ਨੂੰ ਪਾਪਾਂ ਦੇ ਛੁਟਕਾਰੇ ਦਾ ਸਾਧਨ, ਉਸ ਦੀ ਮੌਤ ਦੇ ਦੁਆਰਾ ਬਣਾਇਆ, ਜੋ ਉਸ ਤੇ ਵਿਸ਼ਵਾਸ ਕਰਨ ਦੁਆਰਾ ਮਿਲਦਾ ਹੈ। ਇਸ ਤਰ੍ਹਾਂ ਪਰਮੇਸ਼ਰ ਨੇ ਅਨੁਚਿਤ ਅਨੁੱਖ ਨੂੰ ਆਪਣੇ ਨਾਲ ਉਚਿਤ ਠਹਿਰਾਉਣ ਦਾ ਰਾਹ ਪ੍ਰਗਟ ਕੀਤਾ, ਕਿਉਂਕਿ ਉਸ ਨੇ ਆਪਣੀ ਸਹਿਨਸੀਲਤਾ ਦੇ ਕਾਰਨ ਭੂਤਕਾਲ ਦੇ ਕੀਤੇ ਹੋਏ ਪਾਪਾਂ ਨੂੰ ਅਣਦੇਖੇ ਕਰ ਦਿੱਤਾ।"

ਤੀਸਰੀ ਗੱਲ ਪਰਮੇਸ਼ਰ ਦੇ ਨਿਆਂ ਦਾ ਅਰਥ ਹੈ ਕਿ ਮਨੁੱਖ ਨੂੰ ਆਪਣੀ ਈਮਾਨਦਾਰ ਆਗਿਆਕਾਰੀ ਲਈ ਇਨਾਮ ਦਿੱਤਾ ਜਾਵੇਗਾ ਭਾਵੇਂ ਕਿ ਉਹ ਸਿੱਧ ਨਹੀ ਹੈ। ਇਸ ਕਾਰਣ ਪਰਮੇਸ਼ਰ ਇਹ ਕਰ ਸਕਦਾ ਹੈ ਕਿਉਂਕਿ ਇੱਕ ਵਿਸ਼ਵਾਸੀ ਦੀ ਆਗਿਆਕਾਰੀ ਦੇ ਵਿੱਚ ਜੋ ਕੁਝ ਵੀ ਪਾਪੀ ਹੈ ਉਹ ਮਸੀਹ ਦੀ ਧਾਰਮਿਕਤਾ ਦੇ ਦੁਆਰਾ ਢੱਕਿਆ ਗਿਆ ਹੈ। ਪਰਮੇਸ਼ਰ ਖੁਸ਼ੀ ਨਾਲ ਉਨ੍ਹਾਂ ਦੀ ਈਮਾਨਦਾਰੀ ਵਾਲੀ ਆਗਿਆਕਾਰੀ ਦਾ ਇਨਾਮ ਦੇਵੇਗਾ। ਇਹ ਉਨ੍ਹਾਂ ਦੇ ਕਿਸੇ ਕੰਮ ਦੀ ਵਜ੍ਹਾ ਦੇ ਨਾਲ ਨਹੀ ਹੈ, ਪਰ ਸਿਰਫ ਮੁਫਤ ਕਿਰਪਾ ਦੇ ਕਾਰਣ ਹੈ। ਇਹ ਇਸ ਲਈ ਹੈ ਕਿਉਂਕਿ ਮਸੀਹ ਨੇ ਸਭ ਭਲੀਆਂ ਵਸਤਾਂ ਆਪਣੇ ਲੋਕਾਂ ਲਈ ਆਪਣੀ ਆਗਿਆਕਾਰੀ ਦੇ ਦੁਆਰਾ ਰੱਖੀਆਂ ਹਨ। ਇਸ ਲਈ ਉਨ੍ਹਾਂ ਨੂੰ ਉਤਸ਼ਾਹ ਮਿਲਦਾ ਹੈ ਕਿਉਂਕਿ ਪਰਮੇਸ਼ਰ ਉਨ੍ਹਾਂ ਵਿੱਚ ਖੁਸ਼ ਹੁੰਦਾ ਹੈ।

**ਇਬਰਾਨੀਆਂ ੫:੯** ਫਿਰ ਜਦੋਂ ਉਹ ਪੂਰਨਤਾ ਨੂੰ ਪਹੁੰਚ ਗਿਆ, ਤਾਂ ਉਹ ਉਹਨਾਂ ਸਭ ਦੇ ਲਈ ਜੋ ਉਸਦੀ ਆਗਿਆਕਾਰੀ ਕਰਦੇ ਹਨ; ਮੁਕਤੀ ਦਾ ਕਾਰਨ ਬਣਿਆ।"

**੧ ਤਿਮੋਥਿਉਸ ੪:੮** "ਸਰੀਰਕ ਅਭਿਆਸ ਤਾਂ ਬਹੁਤ ਹੀ ਲਾਭਕਾਰੀ ਹੈ, ਕਿਉਂਕਿ ਇਸ ਦਾ ਲਾਭ ਨਾ ਕੇਵਲ ਇਸ ਜੀਵਣ ਵਿਚ, ਸਗੋਂ ਆਉਣ ਵਾਲੇ ਜੀਵਣ ਵਿਚ ਵੀ ਹੈ।"

**ਭਜਨ ੧੯:੧੧** "ਉਹਨਾਂ ਦੇ ਦੁਆਰਾ ਤੇਰੇ ਦਾਸ ਨੂੰ ਚਿਤਾਵਨੀ ਮਿਲਦੀ ਹੈ, ਪਰ ਉਨਹਾਂ ਤੇ ਚਲਨ ਦੁਆਰਾ ਵੱਡਾ ਲਾਭ ਹੁੰਦਾ ਹੈ।"

**ਰੋਮ ੪:੪-੫** "ਕੰਮ ਕਰਨ ਵਾਲੇ ਦੀ ਮਜ਼ਦੂਰੀ ਉਸ ਲਈ ਵਰਦਾਨ ਨਹੀਂ ਮੰਨੀ ਜਾਂਦੀ, ਸਗੋਂ ਉਸ ਦਾ ਹੱਕ ਮੰਨੀ ਜਾਂਦੀ ਹੈ। ਪਰ ਦੂਜੇ ਪਾਸੇ ਜੋ ਕੰਮ ਨਹੀਂ ਕਰਦਾ, ਸਗੋਂ ਅਧਰਮੀਆਂ ਨੂੰ ਉਚਿਤ ਠਹਿਰਾਉਣ ਵਾਲੇ ਤੇ ਵਿਸ਼ਵਾਸ ਕਰਦਾ ਹੈ, ਉਸਦਾ ਵਿਸ਼ਵਾਸ ਹੀ ਧਰਮ ਗਿਣਿਆ ਜਾਂਦਾ ਹੈ।"

**੧ ਪਤਰਸ ੨:੫** "ਇਸ ਲਈ ਆਓ ਅਤੇ ਜੀਉਂਦੇ ਪੱਥਰ ਦੀ ਤਰ੍ਹਾਂ ਆਤਮਕ ਇਮਾਰਤ ਦੀ ਉਸਾਰੀ ਵਿਚ ਲਗ ਜਾਉ । ਇਸ ਤਰ੍ਹਾਂ ਤੁਸੀਂ ਪਵਿੱਤਰ ਪੁਰੋਹਿਤ ਬਣ ਜਾਵੋਗੇ, ਅਤੇ ਇਹੋ ਜਿਹੇ ਪਵਿੱਤਰ ਚੜ੍ਹਾਵੇ ਚੜ੍ਹਾਵੋਗੇ, ਜਿਨ੍ਹਾਂ ਨੂੰ ਪਰਮੇਸ਼ਰ ਯਿਸੂ ਮਸੀਹ ਦੇ ਰਾਹੀਂ ਸਵੀਕਾਰ ਕਰਦਾ ਹੈ।"

ਚੋਥੀ ਗੱਲ, ਪਰਮੇਸ਼ਰ ਦਾ ਨਿਆਂ ਪਾਪੀਆਂ ਨੂੰ ਸਜ਼ਾ ਦੇਵੇਗਾ ਅਤੇ ਉਨ੍ਹਾਂ ਤੋ ਬਦਲਾ ਲਵੇਗਾ ਜੋ ਉਸਦੇ ਪਵਿੱਤਰ ਹੁਕਮਾਂ ਨੂੰ ਤੋੜਦੇ ਹਨ। ਹੁਣ ਪਰਮੇਸ਼ਰ ਦਾ ਨਿਆਂ ਪ੍ਰਗਟ ਉਨ੍ਹਾਂ ਕਈ ਨਿਆਵਾਂ ਤੋਂ ਹੋ ਰਿਹਾ ਹੈ ਜੋ ਕਿ ਪਹਿਲਾਂ ਹੋ ਚੁੱਕੀਆਂ ਹਨ। ਇਹ ਮਸੀਹ ਦੀ ਮੌਤ ਅਤੇ ਉਸਦੇ ਦੁੱਖਾਂ ਦੇ ਦੁਆਰਾਂ ਬਹੁਤ ਸਪੱਸ਼ਟ ਤਰੀਕੇ ਨਾਲ ਦਿਖਾਂਈ ਦੇ ਚੁੱਕਿਆ ਹੈ, ਜਦ ਉਹ ਪਾਪੀਆਂ ਦੀ ਥਾਂ ਤੇ ਮਰ ਗਿਆ। ਅਖੀਰ ਦੇ ਵਿੱਚ ਇਹ ਅਖੀਰਲੇ ਨਿਆਂ ਦੇ ਦੁਆਰਾ ਪ੍ਰਗਟ ਹੋਵੇਗੀ ਜਦ ਹਰ ਇੱਕ ਨੂੰ ਉਸਦਾ ਸਥਾਨ ਦਿੱਤਾ ਜਾਵੇਗਾ, ਜੋ ਕਿ ਨਰਕ ਜਾਂ ਸਵਰਗ ਹੋਵੇਗਾ।

# 7

# ਪਰਮੇਸ਼ਰ ਭਲਾ ਅਤੇ ਦਿਆਲੂ ਹੈ

ਇਹ ਗੁਣ ਹੈ ਕਿ ਪਰਮੇਸ਼ਰ ਪੂਰੀ ਤਰਾਂ ਭਲਾ ਹੈ ਅਤੇ ਉਹ ਉਨ੍ਹਾਂ ਸਭ ਪ੍ਰਾਣੀਆਂ ਤੇ ਭਲਿਆਈ ਕਰਦਾ ਹੈ ਜੋ ਉਸ ਨੂੰ ਲੈਣ ਦੇ ਯੋਗ ਹਨ।

**ਭਜਨ ੧੧੯:੬੮** "ਤੂੰ ਭਲਾ ਹੈ ਅਤੇ ਭਲਿਆਈ ਹੀ ਕਰਦਾ ਹੈਂ ਤੂ ਮੈਨੂੰ ਆਪਣੀਆਂ ਬਿਧੀਆਂ ਬਾਰੇ ਸਿਖਾ।"

**੧ ਯੂਹੰਨਾਂ ੧:੫** "ਸੰਦੇਸ਼ ਜੋ ਅਸੀਂ ਉਸ ਕੋਲੋਂ ਸੁਣਿਆ ਸੀ ਅਤੇ ਜਿਸ ਬਾਰੇ ਤੁਹਾਨੂੰ ਦੱਸ ਰਹੇ ਹਾਂ, ਇਹ ਇਹ ਠੀਕ ਹੈ: ਪਰਮੇਸ਼ਰ ਚਾਣਨ ਹੈ ਅਤੇ ਉਸ ਵਿਚ ਹਨੇਰਾ ਨਾ ਮਾਤਰ ਵੀ ਨਹੀਂ ਹੈ।"

**ਭਜਨ ੫੨:੧** "ਤੂੰ ਆਪਣੇ ਬੁਰੇ ਕੰਮਾ ਤੇ ਕਿਉਂ ਹੰਕਾਰ ਕਰਦਾ ਹੈਂ? ਪਰਮੇਸ਼ਰ ਦੀ ਦਯਾ ਅੰਨਤ ਹੈ।"

ਹਰ ਚੀਜ ਜੋ ਪਰਮੇਸ਼ਰ ਤੋਂ ਆਉਂਦੀ ਹੈ ਉਹ ਭਲੀ ਹੈ। ਉਸਦੇ ਕਨੂੰਨ ਭਲੇ ਹਨ। ਉਸਦੀ ਸ੍ਰਿਸਟੀ ਭਲੀ ਹੈ। ਉਸਦਾ ਪ੍ਰਯੋਜਨ ਭਲਾ ਹੈ। ਇੱਕ ਸ਼੍ਰਿਸਟੀ ਦੀ ਭਲਿਆਈ ਬਦਲ ਸਕਦੀ ਹੈ ਪਰ ਪਰਮੇਸ਼ਰ ਬਿਲਕੁਲ ਭਲਾ ਹੈ (ਮਤੀ 19:17) ਅਸੀਂ ਪਰਮੇਸ਼ਰ ਦੀ ਭਲਿਆਈ ਉਸਦੇ ਉਸਦੀ ਸ੍ਰਿਸਟੀ ਦੇ ਪ੍ਰਤੀ ਪ੍ਰਯੋਜਨ ਵਿੱਚ ਵੇਖਦੇ ਹਾਂ।

**ਭਜਨ ੧੪੫:੧੫** "ਸਭ ਪ੍ਰਾਣੀ ਆਸ ਭਰੀਆਂ ਨਜ਼ਰਾਂ ਨਾਲ ਉਸ ਵੱਲ ਤਕਦੇ ਹਨ, ਅਤੇ ਉਹ ਉਹਨਾਂ ਨੂੰ ਹਰ ਮੈਸਮ ਵਿਚ ਭੋਜਨ ਦਿੰਦਾ ਹੈ।"

**ਭਜਨ ੧੩੬:੨੫** "ਉਹ ਸਭ ਪ੍ਰਾਣੀਆਂ ਨੂੰ ਭੋਜਨ ਦਿੰਦਾ ਹੈ, ਉਸ ਦੀ ਦਇਆ ਸਦੀਪਕ ਹੈ।"

**ਭਜਨ ੩੩:੫** "ਉਹ ਸਚਾਈ ਅਤੇ ਨਿਆਂ ਨੂੰ ਪਿਆਰ ਕਰਦਾ ਹੈ, ਉਸ ਦੀ ਦਯਾ ਨਾਲ ਧਰਤੀ ਭਰਪੂਰ ਹੈ।"

ਪਰਮੇਸ਼ਰ ਦੀ ਭਲਿਆਈ ਸਭ ਤੋਂ ਜਿਆਦਾ ਅਨੋਖੇ ਤਰੀਕੇ ਨਾਲ ਉਸ ਸਮੇਂ ਨਜ਼ਰ ਆਉਂਦੀ ਹੈ ਜਦ ਉਸ ਨੇ ਆਪਣਾ ਪੁੱਤਰ ਭੇਜਿਆ, ਜੋ ਕਿ ਔਰਤ ਤੋਂ ਪੈਦਾ ਹੋਇਆ ਅਤੇ ਮਨੁੱਖਤਾਂ ਨੂੰ ਪਾਪ ਤੋਂ ਬਚਾਉਣ ਲਈ ਆਇਆ।

**ਗਲਾਤੀਆਂ ੪:੪,੫** "ਪਰ ਜਦੋਂ ਠੀਕ ਠਹਿਰਾਇਆ ਹੋਇਆ ਸਮਾਂ ਆਇਆ; ਤਾਂ ਪਰਮੇਸ਼ਰ ਨੇ ਆਪਣੇ ਪੁਤੱਰ ਨੂੰ ਘਲਿਆ, ਜੋ ਇਕ ਐਰਤ ਤੋਂ ਜਨਮਿਆਂ ਅਤੇ ਵਿਵਸਥਾ ਦੇ ਅਧੀਨ ਹਨ, ਮੁਲ ਦੇ ਕੇ ਮੁਕਤ ਕਰ, ਤਾਂ ਜੋ ਅਸੀਂ ਪਰਮੇਸ਼ਰ ਦੀ ਸੰਤਾਨ ਹੋਣ ਦਾ ਹੱਕ ਪ੍ਰਾਪਤ ਕਰੀਏ।"

**ਲੂਕਾ ੨:੧੪** "ਪਰਮਧਾਮ ਵਿਚ ਪਰਮੇਸ਼ਰ ਦੀ ਵਡਿਆਈ ਹੋਵੇ, ਅਤੇ ਮਨੁੱਖਾਂ ਵਿਚ ਸ਼ਾਂਤੀ, ਜਿਨ੍ਹਾਂ ਤੋਂ ਉਹ ਪ੍ਰਸੰਨ ਹੈ।"

**ਤੀਤਸ ੨:੧੧** "ਪਰਮੇਸ਼ਰ ਦੀ ਕਿਰਪਾ ਸਭ ਮਨੁੱਖ ਜਾਤੀ ਦੀ ਮੁਕਤੀ ਲਈ ਪ੍ਰਗਟ ਹੋਈ ਹੈ।"

ਹੁਣ ਕੁਝ ਲੋਕ ਪਰਮੇਸ਼ਰ ਦੀ ਭਲਿਆਈ ਤੇ ਪ੍ਰਸ਼ਨ ਕਰ ਸਕਦੇ ਹਨ, ਇਹ ਪੁੱਛ ਕੇ ਕਿ ਉਸ ਨੇ ਸਵਰਗ ਦੂਤਾਂ ਨੂੰ ਕਿਉਂ ਨਹੀਂ ਬਚਾਇਆ। ਪਰਮੇਸ਼ਰ ਕਿਸੇ ਮਭਜਨੀ ਦੇ ਵਿੱਚ ਨਹੀ ਹੈ ਕਿ ਉਹ ਸਭ ਵਾਸਤੇ ਉਹ

ਕਰੇ ਜੋ ਉਸ ਨੇ ਇੱਕ ਵਾਸਤੇ ਕੀਤਾ ਹੈ। ਸਾਡੇ ਪ੍ਰਭੂ ਦੇ ਸ਼ਬਦ ਇਹੋ ਜਿਹੇ ਸਵਾਲਾਂ ਦੇ ਢੁਕਵੇਂ ਉੱਤਰ ਦਿੰਦੇ ਹਨ। "ਕੀ ਮੇਰੇ ਕੋਲ ਇਹ ਇਖਤਿਆਰ ਨਹੀ ਹੈ ਕਿ ਮੇਰੇ ਮਾਲ ਨਾਲ ਜੋ ਮੈਂ ਚਾਹਾਂ ਸੋ ਕਰਾਂ? ਕੀ ਤੂੰ ਇਸ ਲਈ ਬੁਰਾ ਵੇਖਦਾ ਹੈਂ ਕਿਉਂਕਿ ਮੈਂ ਭਲਾ ਹਾਂ?" (ਮਤੀ 20:15) ਇਹੀ ਉੱਤਰ ਉੱਥੇ ਵੀ ਦਿੱਤਾ ਜਾ ਸਕਦਾ ਹੈ ਕਿ ਸਭ ਪਾਪੀ ਕਿਉਂ ਨਹੀ ਬਚਾਏ ਜਾਂਦੇ ਹਨ।

ਪਰਮੇਸ਼ਰ ਦੀ ਭਲਿਆਈ ਦਾ ਵਰਣਨ ਅਕਸਰ ਹੀ ਕਿਰਪਾ ਅਤੇ ਦਯਾ ਦੇ ਦੁਆਰਾ ਕੀਤਾ ਜਾਂਦਾ ਹੈ। ਕਿਰਪਾ ਤੋਂ ਅਰਥ ਹੈ ਕਿ ਪਰਮੇਸ਼ਰ ਦਾ ਗੁਣ ਜੋ ਕਿ ਉਸਦੇ ਚੁਣੇ ਹੋਏ ਲੋਕਾਂ ਦੇ ਪ੍ਰਤੀ ਹੈ ਕਿ ਉਹ ਉਨ੍ਹਾਂ ਨੂੰ ਉਨ੍ਹਾਂ ਦੇ ਪਾਪਾਂ ਤੋਂ ਆਪਣੇ ਪੁੱਤਰ ਦੇ ਬਲੀਦਾਨ ਦੇ ਦੁਆਰਾ ਬਚਾਉਂਦਾ ਹੈ। ਕਿਰਪਾ ਉਨ੍ਹਾਂ ਤੇ ਹੁੰਦੀ ਹੈ ਜੋ ਕਿ ਇਸਦੇ ਬਿਲਕੁਲ ਯੋਗ ਨਹੀ ਹਨ। ਜੋ ਕਿ ਪਰਮੇਸ਼ਰ ਦੀ ਕਿਰਪਾ ਨੂੰ ਨਹੀ ਲੱਭਦੇ ਹਨ। ਅਤੇ ਫਿਰ ਵੀ ਉਨ੍ਹਾਂ ਨੂੰ ਸਦੀਪਕ ਜੀਵਨ ਦਾ ਭਾਗੀ ਬਣਾਇਆ ਜਾਂਦਾ ਹੈ। ਸਾਡੇ ਕੋਲ ਹੇਠ ਲਿਖੇ ਅਨੁਸਾਰ ਪਰਮੇਸ਼ਰ ਦੀ ਕਿਰਪਾ ਦੀ ਇੱਕ ਬਹੁਤ ਅਨੋਖੀ ਉਦਹਾਰਣ ਹੈ:

ਸਭ ਤੋਂ ਪਹਿਲਾਂ ਉਦਹਾਰਣ ਲਵੋ ਉਸ ਚੋਰ ਦੀ ਜੋ ਕਿ ਸਲੀਬ ਦੇ ਉੱਪਰ ਟੰਗਿਆ ਹੋਇਆ ਸੀ, ਜਿਸ ਨੇ ਦੋਸ਼ੀ ਜੀਵਨ ਨੂੰ ਬਿਤਾਇਆ ਸੀ। ਉਹ ਸਾਡੇ ਮੁਕਤੀਦਾਤਾ ਦੇ ਨਾਲ ਸਲੀਬ ਤੇ ਟੰਗਿਆ ਹੋਇਆ ਸੀ। ਉਸ ਤੇ ਪਵਿੱਤਰ ਆਤਮਾ ਨੇ ਸਿਰਫ ਉਸ ਦੇ ਹੀ ਪਾਪ ਪ੍ਰਗਟ ਨਹੀ ਕੀਤੇ ਬਲਕਿ ਉਹ ਉਸ ਮਾਸੂਮ ਦੇ ਧਰਮੀ ਬਲੀਦਾਨ ਨੂੰ ਵੀ ਵੇਖ ਸਕਿਆ ਜੋ ਕਿ ਦੂਸਰਿਆਂ ਦੀ ਸਜ਼ਾ ਲੈ ਕੇ ਮਰ ਰਿਹਾ ਸੀ ਅਤੇ ਜੋ ਕਿ ਪਾਪੀਆਂ ਦਾ ਮੁਕਤੀਦਾਤਾ ਸੀ। ਇਸੇ ਲਈ ਉਸ ਨੇ ਯਿਸੂ ਨੂੰ ਕਿਹਾ ਕਿ ਉਹ ਉਸ ਨੂੰ ਯਾਦ ਕਰੇ ਜਦ ਉਹ ਰਾਜ ਵਿੱਚ ਆਵੇ। ਯਿਸੂ ਨੇ ਅੱਗੋਂ ਉੱਤਰ ਦਿੱਤਾ, "ਮੈਂ ਤੈਨੂੰ ਸੱਚ ਆਖਦਾ ਹਾਂ ਕਿ ਤੂੰ ਅੱਜ ਹੀ ਮੇਰੇ ਨਾਲ ਸਵਰਗ ਵਿੱਚ ਹੋਵੇਂਗਾ"। (ਲੂਕਾ 23:43)

ਦੂਸਰੀ ਉਦਹਾਰਣ ਹੈ ਮਨੱਸਹ ਰਾਜੇ ਦੀ ਜੋ ਕਿ ਯਹੂਦਾ ਦਾ ਰਾਜਾ ਹੈ, ਜੋ ਕਿ ਇੱਕ ਮੂਰਤੀਪੂਜਕ ਸੀ ਅਤੇ ਜਿਸ ਨੇ ਯਰੂਸਲਮ ਨੂੰ ਮਾਸੂਮ

ਖੂਨ ਨਾਲ ਭਰਿਆ ਸੀ ਜਦ ਉਸ ਨੇ ਆਪਣੇ ਹੀ ਬੱਚਿਆਂ ਦੀਆਂ ਕੁਰਬਾਨੀਆਂ ਦਿੱਤੀਆਂ ਸਨ। ਫਿਰ ਵੀ ਉਸ ਨੂੰ ਪਰਮੇਸ਼ਰ ਨੇ ਦੀਨ ਕੀਤਾ ਅਤੇ ਉਹ ਕਿਰਪਾ ਦੁਆਰਾ ਪਰਮੇਸ਼ਰ ਦਾ ਬੱਚਾ ਬਣ ਗਿਆ। (2 ਇਤਿਹਾਸ 33)

ਤੀਸਰੀ ਉਦਹਾਰਣ ਹੈ ਸਾਊਲ ਜੋ ਕਿ ਤਰਸੁਸ ਦਾ ਰਹਿਣ ਵਾਲਾ ਸੀ, ਜਿਸ ਨੇ ਯਿਸੂ ਮਸੀਹ ਦੀ ਕਲੀਸੀਆਂ ਨੂੰ ਨਾਸ਼ ਕਰਨ ਦਾ ਠਾਨਿਆ ਹੋਇਆ ਸੀ ਅਤੇ ਫਿਰ ਵੀ ਪ੍ਰਭੂ ਉਸ ਨੂੰ ਦਮਿਸ਼ਕ ਦੇ ਰਾਹ ਤੇ ਮਿਲੇ ਅਤੇ ਉਹ ਪਰਮੇਸ਼ਰ ਦਾ ਬੱਚਾ ਬਣ ਗਿਆ। ਅਸਲ ਵਿੱਚ ਉਹ ਪਰਮੇਸ਼ਰ ਦੀ ਨਿਯੁਕਤੀ ਨਾਲ ਸਭ ਤੋਂ ਮਾਹਾਨ ਰਸੂਲ ਬਣ ਗਿਆ। (ਰਸੂਲਾਂ ਦੇ ਕਰਤੱਬ 9)

ਇਹ ਸਿਰਫ ਪ੍ਰਭੂ ਯਿਸੂ ਹੀ ਹਨ ਜਿੰਨਾਂ ਦੇ ਦੁਆਰਾ ਕਿਰਪਾ ਪਾਪੀਆਂ ਦੇ ਵੱਲ ਵਹਿੰਦੀ ਹੈ, ਕਿਉਂਕਿ ਉਨ੍ਹਾਂ ਦੀ ਧਾਰਮਿਕਤਾ ਕਿਰਪਾ ਦਾ ਚਸ਼ਮਾ ਹੈ।

**ਰੋਮ ੫:੧੫** "ਪਰ ਉਸ ਦੇ ਅਪਰਾਧ ਅਤੇ ਪਰਮੇਸ਼ਰ ਦੇ ਮੁਫ਼ਤ ਵਰਦਾਨ ਦੀ ਆਪੋ ਵਿਚ ਕੋਈ ਸਮਾਨਤਾ ਨਹੀਂ ਹੈ। ਇਹ ਸੱਚ ਹੈ ਕਿ ਇਕ ਆਦਮੀ ਦਾ ਅਪਰਾਧ ਬਹੁਤਿਆਂ ਦੀ ਮੌਤ ਦਾ ਕਾਰਨ ਹੋਇਆ, ਪਰ ਪਰਮੇਸ਼ਰ ਦੀ ਕਿਰਪਾ ਅਤੇ ਮੁਫ਼ਤ ਵਰਦਾਨ ਇਸ ਤੋਂ ਵੀ ਵੱਧ, ਇਕ ਆਦਮੀ ਅਰਥਾਤ ਯਿਸੂ ਮਸੀਹ ਦੇ ਦੁਆਰਾ ਸਭ ਦੇ ਲਈ ਬਹੁਤਾ ਅਸੀਸ ਦਾ ਕਾਰਨ ਬਣਿਆ।"

**ਰੋਮ ੫:੧੭** "ਇਹ ਸੱਚ ਹੈ ਕਿ ਇਕ ਆਦਮੀ ਦੇ ਪਾਪ ਦੁਆਰਾ ਮੌਤ ਨੇ ਆਪਣਾ ਰਾਜ ਸ਼ੁਰੂ ਕੀਤਾ ਅਤੇ ਇਹ ਕੇਵਲ ਇਕ ਆਦਮੀ ਦੇ ਕਾਰਨ ਹੋਇਆ। ਪਰ ਇਸ ਤੋਂ ਵੀ ਵੱਧ, ਜਿਨ੍ਹਾਂ ਨੇ ਅਪਾਰ ਕਿਰਪਾ ਅਤੇ ਪਵਿੱਤਰਤਾ ਦਾ ਮੁਫ਼ਤ ਵਰਦਾਨ ਪ੍ਰਾਪਤ ਕੀਤਾ ਹੈ, ਉਹ ਇਕ ਮਨੁੱਖ ਅਰਥਾਤ ਯਿਸੂ ਮਸੀਹ ਦੇ ਦੁਆਰਾ ਜੀਵਣ ਤੇ ਜ਼ਰੂਰ ਰਾਜ ਕਰਨਗੇ।"

**ਰੋਮ ੫:੨੧** "ਜਿਸ ਤਰ੍ਹਾਂ ਪਾਪ ਨੇ ਮੌਤ ਦੇ ਦੁਆਰਾ ਮਨੁੱਖਾਂ ਉਤੇ ਰਾਜ ਕੀਤਾ; ਉਸੇ ਤਰ੍ਹਾਂ ਦੈਵੀ ਕਿਰਪਾ ਉਚਿਤ ਠਹਿਰਾਉਂਦੀ ਹੋਈ ਸਾਨੂੰ

ਸਾਡੇ ਪ੍ਰਭੂ ਯਿਸੂ ਮਸੀਹ ਦੇ ਦੁਆਰਾ ਅਨੰਤ ਜੀਵਣ ਦਿੰਦੀ ਹੋਈ ਰਾਜ ਕਰਦੀ ਹੈ।"

ਪਰਮੇਸ਼ਰ ਦੀ ਕਿਰਪਾ ਪਾਪੀਆਂ ਦੇ ਵੱਲ ਪਵਿੱਤਰ ਆਤਮਾ ਦੇ ਰਾਹੀਂ ਹੁੰਦੀ ਹੈ, ਇਸ ਲਈ ਉਸ ਨੂੰ ਸਹੀ ਗੀਤੀ ਦੇ ਨਾਲ ਹੀ "ਕਿਰਪਾ ਦਾ ਆਤਮਾ" ਕਿਹਾ ਗਿਆ ਹੈ (ਜਕਰਯਾਹ 12:10) ਉਹ ਹੈ ਜੋ ਉਨ੍ਹਾਂ ਨੂੰ ਜੀਵਨ ਦਿੰਦਾ ਹੈ ਜੋ ਕਿ ਆਤਮਿਕ ਤੋਰ ਤੇ ਮਰੇ ਹੋਏ ਹਨ, ਉਨ੍ਹਾਂ ਅੰਦਰ ਵਿਸ਼ਵਾਸ ਪੈਦਾ ਕਰਦਾ ਹੈ ਅਤੇ ਉਨ੍ਹਾਂ ਨੂੰ ਮੁਕਤੀਦਾਤਾ ਦੇ ਦਰਸ਼ਨ ਕਰਾਉਂਦਾ ਹੈ, ਤਾਂ ਕਿ ਉਹ ਆਪਣੀ ਮਰਜੀ ਨਾਲ ਉਸ ਨੂੰ ਗਲੇ ਲਗਾ ਸਕਣ। ਉਹ ਹੈ ਜੋ ਕਿ ਸਖਤ ਦਿਲਾਂ ਨੂੰ ਪਿਘਲਾਉਂਦਾ ਹੈ ਅਤੇ ਅੰਨ੍ਹੀਆਂ ਅੱਖਾਂ ਨੂੰ ਖੋਲਦਾ ਹੈ ਅਤੇ ਸਕਤ ਦਿਲ ਨੂੰ ਇੱਛੁਕ ਬਣਾਉਂਦਾ ਹੈ। ਤਿੰਨੇ ਵਿਅਕਤੀ ਹੀ ਕਿਰਪਾਲੂ ਹਨਃ ਪਰਮੇਸ਼ਰ ਪਿਤਾ, ਪਾਪੀਆਂ ਨੂੰ  ਮਨੁੱਖਤਾ ਵਿੱਚੋਂ ਚੁਣਦਾ ਹੈ ਕਿ ਉਹ ਕਿਰਪਾ ਦੇ ਪਾਤਰ ਬਣ ਸਕਣ; ਯਿਸੂ ਮਸੀਹ, ਜਿਸ ਨੂੰ ਪਿਤਾ ਨੇ ਭੇਜਿਆ ਕਿ ਉਹ ਧਰਮ ਦੇ ਕੰਮ ਨੂੰ ਪੂਰਾ ਕਰ ਸਕਣ ਕਿ ਉਹ ਪਰਮੇਸ਼ਰ ਦੇ ਅੱਗੇ ਧਰਮੀ ਬਣ ਸਕਣ; ਪਵਿੱਤਰ ਆਤਮਾ, ਕਿ ਉਹ ਮਸੀਹ ਦੇ ਪ੍ਰਾਸਚਿੱਤ ਵਾਲੇ ਲਹੂ ਨੂੰ ਪਾਪੀਆਂ ਤੇ ਲਾ ਸਕਣ।

ਦਯਾ ਸ਼ਬਦ ਅਲੱਗ ਅਲੱਗ ਤਰੀਕੀਆਂ ਨਾਲ ਵਰਤਿਆ ਗਿਆ ਹੈ। ਪਹਿਲੀ ਗੱਲ ਹੈ ਆਮ ਦਯਾ ਜੋ ਕਿ ਸਭ ਮਨੁੱਖਾ ਤੇ ਅਤੇ ਪੂਰੀ ਸ੍ਰਿਸਟੀ ਤੇ ਹੁੰਦੀ ਹੈਃ ਉਸਦੀ ਕੋਮਲ ਦਯਾ ਉਸਦੇ ਸਭ ਕਾਰਾਗਿਰੀ ਤੇ ਹੁੰਦੀ ਹੈ" (ਭਜਨ 145:9)

**ਚੇਲਿਆਂ ਦੇ ਕਰਤੱਬ ੧੭:੨੫** "ਨਾ ਹੀ ਉਸ ਨੂੰ ਕਿਸੇ ਚੀਜ਼ ਦੀ ਥੁੜ੍ਹ ਹੈ ਕਿ ਮਨੁੱਖ ਦੇ ਹੱਥੋਂ ਸੇਵਾ ਲਵੇ, ਕਿਉਂਕਿ ਉਹ ਤਾਂ ਆਪ ਸਭ ਨੂੰ ਜੀਵਨ, ਸਵਾਸ ਅਤੇ ਸਭ ਚੀਜ਼ਾਂ ਦਿੰਦਾ ਹੈ।"

ਦੂਸਰੀ, ਇੱਕ ਖਾਸ ਦਯਾ ਹੈ ਜੋ ਕਿ ਪਰਮੇਸ਼ਰ ਦੀ ਭਲਿਆਈ ਹੈ ਜੋ ਕਿ ਵਿਸ਼ਵਾਸੀਆਂ ਤੇ ਵਿਖਾਈ ਜਾਂਦੀ ਹੈ ਅਤੇ ਅਵਿਸ਼ਵਾਸੀਆਂ ਤੇ ਵੀ, "ਕਿਉਂਕਿ ਉਹ ਆਪਣਾ ਸੂਰਜ ਦੁਸ਼ਟਾਂ ਅਤੇ ਧਰਮੀਆਂ

ਦੋਹਾਂ ਤੇ ਚੜ੍ਹਾਉਂਦਾ ਹੈ ਅਤੇ ਆਪਣਾ ਮੀਂਹ ਦੋਹਾਂ ਤੇ ਪਾਉਂਦਾ ਹੈ।" (ਮਤੀ 5:45)

ਤੀਸਰੀ ਗੱਲ, ਇੱਕ ਸਰਵੋਤਮ ਦਯਾ ਹੈ ਜੋ ਕਿ ਚੁਣੇ ਹੋਇਆਂ ਲਈ ਰੱਖੀ ਗਈ ਹੈ, ਜੋ ਕਿ ਉਸਦੇ ਪਿਆਰ ਦੇ ਵਿਸ਼ੇਸ ਲੋਕ ਹਨ, ਕਿ ਉਨ੍ਹਾਂ ਨੂੰ ਉਹ ਯਿਸੂ ਮਸੀਹ ਦੇ ਕੰਮ ਦੇ ਰਾਹੀਂ ਸਦੀਪਕ ਜੀਵਨ ਦੇਵੇ, ਜੋ ਕਿ ਉਨ੍ਹਾਂ ਦਾ ਪ੍ਰਤੀਨਿਧੀ ਬਣਇਆ ਗਿਆ। ਪਰਮੇਸ਼ਰ ਦੇ ਦਯਾ ਦੇ ਦੁਆਰਾ ਪਾਪੀਆਂ ਨੂੰ ਬਚਾਉਣਾ ਪੂਰੀ ਤਰਾਂ ਉਸਦੀ ਖੁਸ਼ੀ ਹੈ।

**ਰੋਮ ੯:੧੫** "ਕਿਉਂਕਿ ਉਸ ਨੇ ਮੂਸਾ ਨੂੰ ਕਿਹਾ, "ਜਿਸ ਤੇ ਮੈਂ ਕਿਰਪਾ ਕਰਨਾ ਚਾਹਾ, ਉਸ ਤੇ ਕਿਰਪਾ ਕਰਾਂਗਾ, ਅਤੇ ਜਿਸ ਤੇ ਦਇਆ ਕਰਨੀ ਚਾਹਾ, ਉਸ ਤੇ ਦਇਆ ਕਰਾਂਗਾ।"

ਇੰਨਾਂ ਦੋ ਸ਼ਬਦਾਂ, ਕਿਰਪਾ ਅਤੇ ਦਯਾ ਦੇ ਵਿੱਚ ਕੀ ਅੰਤਰ ਹੈ? ਪਰਮੇਸ਼ਰ ਦੀ ਕਿਰਪਾ ਪਰਮੇਸ਼ਰ ਦੀ ਭਲਿਆਈ ਹੈ ਜੋ ਕਿ ਉਸਦੇ ਪ੍ਰਾਣੀਆਂ ਤੇ ਪ੍ਰਾਣੀਆਂ ਦੀ ਤਰ੍ਹਾਂ ਕੀਤੀ ਜਾਂਦੀ ਹੈ। ਇਹ ਇੱਕ ਬਹੁਤ ਵੱਡੀ ਗੱਲ ਹੈ। ਦਯਾ ਦੂਸਰੇ ਪਾਸੇ, ਪਾਪ ਦੇ ਵਾਸਤੇ ਹੈ। ਏ ਦਬਲੂ ਪਿੰਕ ਨੇ ਸਵਰਗ ਦੂਤਾ ਦਾ ਉਦਹਾਰਣ ਦਿੰਦੇ ਹੋਏ ਕਿਹਾ, ਜੋ ਕਿ ਪਾਪ ਦੇ ਵਿੱਚ ਨਹੀ ਡਿੱਗੇ, ਪਰ ਹਾਲੇ ਵੀ ਉਹ ਪਰਮੇਸ਼ਰ ਦੀ ਕਿਰਪਾ ਦੇ ਭਾਗੀ ਹਨ। ਪਰਮੇਸ਼ਰ ਨੇ ਉਨ੍ਹਾਂ ਨੂੰ ਚੁਣਨ ਦੇ ਦੁਆਰਾ ਆਪਣੀ ਕਿਰਪਾ ਨੂੰ ਉਨ੍ਹਾਂ ਉੱਤੇ ਪ੍ਰਗਟ ਕੀਤਾ। (1 ਤਿਮੋਥਿਉਸ 5:21) ਉਨ੍ਹਾਂ ਨੂੰ ਉਸ ਓੱਚੀ ਥਾਂ ਤੋਂ ਡਿੱਗਣ ਤੋਂ ਬਚਾਉਣ ਦੇ ਵਾਸਤੇ ਪਰਮੇਸ਼ਰ ਨੇ ਆਪਣੀ ਕਿਰਪਾ ਨੂੰ ਉਨ੍ਹਾਂ ਪ੍ਰਤੀ ਵਿਖਾਇਆ। ਪਰ ਉਨ੍ਹਾਂ ਨੂੰ ਦਯਾ ਦੀ ਕਦੇ ਲੋੜ ਹੀ ਨਹੀ ਸੀ, ਕਿਉਂਕਿ ਉਨ੍ਹਾਂ ਨੇ ਕਦੇ ਪਾਪ ਹੀ ਨਹੀ ਕੀਤਾ ਸੀ।"6

ਸਿੱਟੇ ਦੇ ਵਜੋਂ ਪਰਮੇਸ਼ਰ ਦੀ ਆਮ ਭਲਿਆਈ ਦੇ ਪ੍ਰਤੀ ਮਨੁੱਖਤਾ ਦਾ ਕੀ ਪ੍ਰਤੀਉੱਤਰ ਹੋਣਾ ਚਾਹੀਦਾ ਹੈ? ਪੋਲੁਸ ਦੱਸਦਾ ਹੈ:

**ਰੋਮ ੨:੪** "ਜਾਂ ਤੂੰ ਉਸ ਦੀ ਕਿਰਪਾ, ਸਹਿਣਸ਼ੀਲਤਾ ਅਤੇ ਧੀਰਜ ਨੂੰ ਤੁਛ ਸਮਝਦਾ ਹੈਂ- ਕੀ ਤੂੰ ਨਹੀਂ ਜਾਣਦਾ ਕਿ ਪਰਮੇਸ਼ਰ ਦੀ ਕਿਰਪਾ ਦਾ ਉਦੇਸ਼ ਇਹ ਹੈ ਕਿ ਤੂੰ ਪਸ਼ਚਤਾਪ ਕਰੇ?"

ਇਹ ਸਾਨੂੰ ਸਾਡੇ ਪਾਪਾਂ ਤੋਂ ਪਛਤਾਵੇ ਦੀ ਵੱਲ ਲੈ ਕੇ ਜਾਣ ਵਾਲੀ ਹੋਣੀ ਚਾਹੀਦੀ ਹੈ ਅਤੇ ਉਸ ਬਲਵੇ ਤੋਂ ਜੋ ਅਸੀਂ ਪਰਮੇਸ਼ਰ ਦੇ ਵਿਰੋਧ ਵਿੱਚ ਕਰਦੇ ਹਾਂ। ਕਿੰਨਾਂ ਜਿਆਦਾ ਮਨੁੱਖਤਾ ਬਿਨਾਂ ਕਿਸੇ ਬਹਾਨੇ ਦੇ ਹੋਵੇਗੀ ਜਦ ਉਹ ਉਸ ਨਿਆਈਂ ਦਾ ਸਾਹਮਣਾ ਕਰੇਗੀ, ਕਿ ਉਸ ਨੇ ਪਰਮੇਸ਼ਰ ਦੀ ਭਲਿਆਈ ਦਾ ਸੋਸ਼ਣ ਕੀਤਾ। ਪਾਠਕੋ ਕੀ ਤੁਸੀਂ ਵੀ ਪਰਮੇਸ਼ਰ ਦੀ ਭਲਿਆਈ ਦਾ ਸੋਸ਼ਣ ਕਰਨ ਦੇ ਪ੍ਰਤੀ ਦੋਸ਼ੀ ਹੋ? ਤਾਂ ਪਛਤਾਵਾ ਕਰੋ ਅਤੇ ਮੁਕਤੀਦਾਤਾ ਦੀ ਵੱਲ ਦੋੜੇ ਜਾਉ। ਉਸ ਚੋਰਨੇ ਜੋ ਕਿ ਸਲੀਬ ਦੇ ਉੱਪਰ ਸੀ ਸਾਰੀ ਉਮਰ ਉਸਨੇ ਪਰਮੇਸ਼ਰ ਦੀ ਭਲਿਆਈ ਦਾ ਸੋਸ਼ਣ ਕੀਤਾ, ਪਰ ਫਿਰ ਵੀ ਉਸ ਨੂੰ ਮੁਕਤੀ ਮਿਲ ਗਈ ਜਦ ਉਹ ਯਿਸੂ ਦੇ ਕੋਲ ਪਨਾਹ ਲਈ ਚਲਾ ਗਿਆ। ਫਿਰ ਤੁਸੀਂ ਕਿਉਂ ਨਹੀ? ਆਉ ਅਤੇ ਤੁਹਾਡਾ ਵੀ ਸਵਾਗਤ ਹੋਵੇਗਾ। ਕਿਉਂਕਿ ਉਹ ਤਾਂ ਪਾਪੀਆਂ ਨੂੰ ਬਚਾਉਣ ਵਾਸਤੇ ਇਸ ਦੁਨੀਆਂ ਦੇ ਵਿੱਚ ਆਇਆ। ਅਤੇ ਤੁਸੀ ਯੋਗ ਹੋ।

ਇੱਕ ਵਿਸ਼ਵਾਸੀ ਦਾ ਇਸ ਦੇ ਪ੍ਰਤੀ ਕੀ ਪ੍ਰਤੀਉੱਤਰ ਹੋਣਾ ਚਾਹੀਦਾ ਹੈ? ਭਜਨ ਲਿਖਣ ਵਾਲੇ ਨੂੰ ਵਾਰ ਵਾਰ ਪੜੋ:

**ਭਜਨ ੧੦੭:੧** "ਪ੍ਰਭੂ ਦਾ ਧੰਨਵਾਦ ਕਰੋ ਕਿਉਂਕਿ ਉਹ ਭਲਾ ਹੈ; ਉਸ ਦੀ ਦਇਆ ਸਦੀਪਕ ਹੈ।"

**ਭਜਨ ੧੦੭:੮** "ਉਹਨਾਂ ਲੋਕਾਂ ਨੂੰ, ਪ੍ਰਭੂ ਦੀ ਦਇਆ ਅਤੇ ਉਹਨਾਂ ਲਈ ਕੀਤੇ ਅਦਭੁੱਤ ਕੰਮਾ ਲਏ, ਉਸ ਦਾ ਧੰਨਵਾਦ ਕਰਨਾ ਚਾਹੀਦਾ ਹੈ।"

**ਭਜਨ ੧੦੭:੧੫** "ਉਹਨਾਂ ਲੋਕਾਂ ਨੂੰ, ਪ੍ਰਭੂ ਦੀ ਦਇਆ ਅਤੇ ਉਹਨਾਂ ਲਈ ਕੀਤੇ ਅਦਭੁੱਤ ਕੰਮਾ ਲਇ, ਉਸ ਦਾ ਧੰਨਵਾਦ ਕਰਨਾ ਚਾਹੀਦਾ ਹੈ।"

# 8

# ਪਰਮੇਸ਼ਰ ਵਫਾਦਾਰ ਅਤੇ ਸੱਚਾ ਹੈ

ਪਿਆਰੇ ਪਾਠਕ, ਅਸੀਂ ਇੱਕ ਇਹੋ ਜਿਹੇ ਸੰਸਾਰ ਦੇ ਵਿੱਚ ਰਹਿੰਦੇ ਹਾਂ ਜਿੱਥੇ ਸੱਚਾਈ ਅਤੇ ਵਫਾਦਾਰੀ ਬਹੁਤ ਹੀ ਘੱਟ ਪਾਈ ਜਾਂਦੀ ਹੈ। ਹੁਣ ਕਿਸੇ ਵੀ ਮਨੁੱਖ ਦੇ ਸ਼ਬਦਾਂ ਤੇ ਵਿਸ਼ਵਾਸ ਨਹੀ ਕੀਤਾ ਜਾ ਸਕਦਾ। ਵਿਆਹ ਦੇ ਵਾਇਦੇ ਬੜੇ ਆਰਾਮ ਦੇ ਨਾਲ ਤੋੜੇ ਜਾਂਦੇ ਹਨ। ਚਰਚ ਦੇ ਵਿੱਚ ਵੀ, ਬਹੁਤ ਸਾਰੇ ਲੋਕ ਜੋ ਕਿ ਸੱਚਿਆਈ ਦੇ ਨਾਲ ਪ੍ਰਚਾਰ ਕਰਨ ਦਾ ਵਾਇਦਾ ਕਰਦੇ ਹਨ, ਉਹ ਇਸ ਵਚਨ ਨੂੰ ਨਾ ਸਿਰਫ ਸ਼ਬਦਾਂ ਦੇ ਨਾਲ ਹੀ ਨੀਵਾਂ ਨਹੀ ਕਰਦੇ ਹਨ ਬਲਕਿ ਉਹ ਆਪਣੀ ਪਰਮੇਸ਼ਰ ਦੇ ਡਰ ਤੋਂ ਰਹਿਤ ਜਿੰਦਗੀ ਦੇ ਦੁਆਰਾ ਵੀ ਇਸ ਨੂੰ ਨੀਂਵਾ ਕਰਦੇ ਹਨ। ਕਿੰਨੇ ਦੁੱਖ ਦੀ ਗੱਲ ਹੈ, ਜਦ ਸਾਨੂੰ ਪਤਾ ਲੱਗਦਾ ਹੈ ਕਿ ਅਸੀਂ ਉਸ ਪਰਮੇਸ਼ਰ ਦੇ ਦੁਆਰਾ ਰਚੇ ਗਏ ਹਾਂ ਜੋ ਕਿ ਸੱਚ ਹੈ! ਅਸੀਂ ਉਸਦੀ ਮਹਿਮਾ ਤੋਂ ਰਹਿਤ ਹਾਂ, ਕਿਉਂਕਿ ਅਸੀਂ ਉਸਦੇ ਸਰੂਪ ਤੇ ਬਣਾਏ ਗਏ ਸੀ।

ਇਹ ਗੁਣ, ਕਿ ਪਰਮੇਸ਼ਰ ਸੱਚ ਹੈ, ਇਸਦਾ ਅਰਥ ਹੈ ਕਿ ਪਰਮੇਸ਼ਰ ਦੂਸਰੇ ਦੇਵਤਿਆਂ ਦੇ ਸਾਹਮਣੇ ਅਸਲ਼ੀ ਹੈ, ਜੋ ਕਿ ਸਿਰਫ ਝੂਠ ਹਨ। (ਭਜਨ 115) ਉਹ ਹੀ ਸੱਚ ਹੈ, ਇਸ ਲਈ ਜੋ ਉਹ ਕਹਿੰਦਾ ਹੈ ਉਹ ਵੀ ਉਸੇ ਤਰਾਂ ਹੈ। ਉਹ ਕਦੇ ਸਾਡੀ ਗਲਤ ਅਗੁਵਾਈ ਨਹੀ ਕਰਦਾ। ਉਹ ਸੱਚਿਆਈ ਦਾ ਸਤਰ ਹੈ। ਪਰਮੇਸ਼ਰ ਨਾ ਸਿਰਫ ਸੱਚ ਬੋਲਦਾ ਹੈ, ਉਹ ਆਪਣੇ ਵਿੱਚ ਵੀ ਸੱਚਾ ਹੈ, ਜਿਸਦਾ ਅਰਥ ਹੈ ਕਿ ਉਸਦੇ ਸਭ ਵਾਇਦੇ ਅਤੇ ਉਦੇਸ਼ ਪੂਰੇ ਹੋਣਗੇ।

ਇਸੇ ਹੀ ਸੱਚਾਈ ਦੇ ਨਾਲ ਕਿ ਪਰਮੇਸ਼ਰ ਸੱਚ ਹੈ, ਸ਼ੈਤਾਨ ਖੜਾ ਹੈ ਜੋ ਕਿ ਸ਼ੁਰੂ ਤੋਂ ਹੀ ਝੂਠਾ ਗਿਣਿਆ ਜਾਂਦਾ ਹੈ। ਸ਼ੈਤਾਨ ਨੇ ਵਿਖਾਵਾ ਕੀਤਾ ਸੀ ਕਿ ਉਹ ਹਵਾ ਨਾਲ ਸੱਚ ਬੋਲ ਰਿਹਾ ਹੈ, ਪਰ ਉਹ ਧੋਖੇਬਾਜ ਸੀ ਅਤੇ ਉਹ ਆਦਮ ਅਤੇ ਹਵਾ ਦੇ ਉੱਪਰ ਪਰਮੇਸ਼ਰ ਦਾ ਕ੍ਰੋਧ ਲੈ ਆਇਆ। ਪਰਮੇਸ਼ਰ ਇਸ ਦੇ ਉਲਟ, ਸੱਚਾ ਅਤੇ ਵਫਾਦਾਰ ਹੈ, ਭਾਵੇਂ ਕਿ ਸ਼ੈਤਾਨ ਨੇ ਬਹੁਤ ਵਾਰ ਧੋਖਾ ਦਿੱਤਾ ਹੈ  ਕਿ ਉਹ ਸਚਿਆਈ ਤੇ ਵਿਸ਼ਵਾਸ ਨਹੀ ਕਰਨਗੇ। ਵਚਨ ਦੀ ਸਾਖੀ ਨੂੰ ਸੁਣੋਃ

**ਬਿਵਸਥਾਸਾਰ ੩੨:੪** "ਪ੍ਰਭੂ ਚਟਾਨ ਦੀ ਤਰ੍ਹਾਂ ਨਾ ਹਿਲਨ ਵਾਲਾ ਹੈ, ਉਸਦੇ ਕੰਮ ਪੂਰਨ ਅਤੇ ਉਸਦੇ ਰਾਹ ਸੱਚੇ ਹਨ। ਉਹ ਵਿਸ਼ਵਾਸ ਜੋਗ ਅਤੇ ਨਿਆਈ ਪਰਮੇਸ਼ਰ ਹੈ ਉਹ ਸੱਚਾ ਅਤੇ ਭਲਾ ਹੈ।"

**ਭਜਨ ੫੭:੧੦** "ਤੇਰੀ ਦਯਾ ਆਕਾਸ਼ਾਂ ਤਕ ਪਹੁੰਚੀ ਹੈ, ਅਤੇ ਤੇਰਾ ਸੱਤ ਬਾਦਲਾਂ ਤਕ ਪਹੁੰਚਿਆ ਹੈ।"

**ਬਿਵਸਥਾਸਾਰ ੭:੯** "ਇਸ ਲਈ ਤੁਸੀਂ ਇਹ ਯਾਦ ਰਖੋ ਕਿ ਪ੍ਰਭੂ ਤੁਹਾਡਾ ਪਰਮੇਸ਼ਰ ਹੀ, ਕੇਵਲ ਪਰਮੇਸ਼ਰ ਹੈ, ਜੋ ਵਿਸ਼ਵਾਸ ਕਰਨ ਦੇ ਜੋਗ ਪਰਮੇਸ਼ਰ ਹੈ। ਉਹ ਹੀ ਹੈ ਜੋ ਆਪਣੇ ਕੀਤੇ ਨੇਮ ਦੀ ਪਾਲਨਾ ਕਰਦਾ ਹੈ ਅਤੇ ਉਹਨਾਂ ਸਭ ਤੇ ਦਇਆ ਹਜ਼ਾਰਾਂ ਪੀੜ੍ਹੀਆਂ ਤਕ ਦਰਦਾ ਹੈ, ਜੋ ਉਸ ਨੂੰ ਪਿਆਰ ਕਰਦੇ ਹੈ ਤੇ ਉਸ ਦੇ ਹੁਕਮਾਂ ਦੀ ਪਾਲਨਾ ਕਰਦੇ ਹਨ।"

**੨ ਤਿਮੋਥਿਉਸ ੨:੧੩** "ਜੇਕਰ ਅਸੀਂ ਅਵਿਸ਼ਵਾਸੀ ਹੀ ਹਾਂ, ਤਾਂ ਉਹ ਵਿਸ਼ਵਾਸੀ ਹੀ ਹੈ। ਕਿਉਂਕਿ ਉਹ ਆਪਣਾ ਅਨਾਦਰ ਆਪ ਹੀ ਨਹੀਂ ਕਰ ਸਕਦਾ ਹੈ।"

**ਗਿਣਤੀ ੨੩:੧੯** ਪਰਮੇਸ਼ਰ ਆਦਮੀ ਦੀ ਤਰਹਾਂ ਝੂਠ ਨਹੀਂ ਬੋਲਦਾ, ਉਹ ਮਨੁੱਖਾਂ ਵਾਂਗ ਕਹਿ ਕੇ ਪਿਛਾਂ ਨਹੀਂ ਮੁੜਦਾ; ਉਹ ਜੋ ਕਹਿੰਦਾ ਹੈ ਕਰਦਾ ਵੀ ਹੈ, ਉਹ ਆਪਣਾ ਕਿਹਾ ਪੂਰਾ ਕਰਦਾ ਹੈ।"

ਸੱਚਿਆਈ ਬਹੁਤ ਹੀ ਜਰੂਰੀ ਹੈ ਕਿ ਇੱਕ ਲਿਖਾਰੀ ਨੇ ਵਿਖਾਇਆ ਹੈ ਕਿ ਦਸ ਹੁਕਮਾਂ ਦੇ ਵਿੱਚੋਂ ਦੋ ਹੁਕਮ ਇਸ ਦੇ ਬਾਰੇ ਹਨ। ਪਹਿਲੀ, ਇਹ ਤੀਸਰੇ ਹੁਕਮ ਵਿੱਚ ਹੈ ਜਿੱਥੇ ਅਸੀਂ ਪੜਦੇ ਹਾਂ: "ਤੂੰ ਆਪਣੇ ਪ੍ਰਭੂ ਪਰਮੇਸ਼ਰ ਦਾ ਨਾਮ ਵਿਅਰਥ ਵਿੱਚ ਨਾ ਲਵੀਂ, ਕਿਉਂਕਿ ਜਿਹੜਾ ਉਸਦਾ ਨਾਮ ਵਿਅਰਥ ਵਿੱਚ ਲੈਂਦਾ ਹੈ ਉਸ ਨੂੰ ਉਹ ਬੇਦੋਸ਼ ਨਹੀ ਠਹਿਰਾਵੇਗਾ। (ਕੂਚ 20:7) ਇਸ ਹੁਕਮ ਨੂੰ ਅਕਸਰ ਹੀ ਇਸ ਢੰਗ ਨਾਲ ਲਿਆ ਜਾਂਦਾ ਹੈ ਕਿ ਅਸੀਂ ਪਰਮੇਸ਼ਰ ਦਾ ਨਾਮ ਗਲਤ ਢੰਗ ਨਾਲ ਨਾ ਲਈਏ, ਪਰ ਮੁੱਖ ਕਾਰਣ ਇਸ ਆਇਤ ਦਾ ਇਹ ਸੀ ਕਿ ਅਸੀਂ ਸੋਂਹ ਖਾਂਦੇ ਹੋਏ ਝੂਠੀ ਸੋਂਹ ਨਾ ਖਾਈਏ। ਦੂਸਰੀ ਗੱਲ, ਨੌਵੇ ਹੁਕਮ ਦੇ ਵਿੱਚ ਦੱਸਿਆ ਗਿਆ ਹੈ "ਤੂੰ ਆਪਣੇ ਗੁਆਂਢੀ ਉੱਤੇ ਝੂਠੀ ਗਵਾਹੀ ਨਾ ਦੇਹ।" (ਕੂਚ 20:16) 7

ਅਸੀਂ ਸਭ ਤੋਂ ਪਹਿਲਾਂ ਪਰਮੇਸ਼ਰ ਦੀ ਸੱਚਿਆਈ ਅਤੇ ਵਫਾਦਾਰੀ ਨੂੰ ਨੂੰ ਪਰਮੇਸ਼ਰ ਦੇ ਪ੍ਰਯੋਜਨ ਵਿੱਚ ਵੇਖਦੇ ਹਾਂ। ਸਭ ਕੁਝ ਜੋ ਇਸ ਸੰਸਾਰ ਦੇ ਵਿੱਚ ਹੋ ਰਿਹਾ ਹੈ ਉਹ ਉਸਦੀ ਸੱਚਿਆਈ ਅਤੇ ਵਫਾਦਾਰੀ ਦੀ ਵਜ੍ਹਾ ਦੇ ਨਾਲ ਹੋ ਰਿਹਾ ਹੈ, ਜਿਵੇਂ ਕਿ ਉਸ ਨੇ ਵਾਇਦਾ ਕੀਤਾ ਹੈ:

**ਉਤਪਤ ੮:੨੨** "ਜਦੋਂ ਤਕ ਇਹ ਧਰਤੀ ਰਹੇਗੀ, ਬੀਜਣਾ ਤੇ ਵੱਢਣਾ, ਠੰਡ ਤੇ ਗਰਮੀ, ਹਾੜ ਤੇ ਸਿਆਲ ਦੀ ਰੁਤਾਂ, ਦਿਨ ਅਤੇ ਰਾਤ ਇਸ ਉਤੇ ਹੋਣਗ।"

**ਭਜਨਾਂ ੨੫:੧੦** "ਜੋ ਲੋਗ ਪ੍ਰਭੂ ਤੇ ਨੇਮ ਅਤੇ ਸਾਖੀਆ ਅਨੁਸਾਰ ਚਲਦੇ ਹਨ, ਪ੍ਰਭੂ ਦੇ ਰਾਹ ਉਹਨਾਂ ਲਈ ਪਿਆਰ ਭਰੇ ਅਤੇ ਸਚੇ ਹਨ।"

**ਭਜਨ ੧੧੧:੭-੯** "ਪ੍ਰਭੂ ਦੇ ਕੰਮ ਭਰੋਸੇ ਯੋਗ ਅਤੇ ਨਿਆਂਕਾਰੀ ਹਨ, ਉਸ ਦੀਆਂ ਸਭ ਆਗਿਆਵਾਂ ਪੱਕੀਆਂ ਹਨ। ਉਹ ਹਮੇਸ਼ਾ ਤਕ ਰਹਿਣ ਵਾਲਿਆਂ ਹਨ, ਉਹ ਸਚਾਈ ਅਤੇ ਸਧਿਆਈ ਨਾਲ ਪੂਰੀਆਂ ਕਰਨ ਵਾਲੀਆਂ ਹਨ। ਉਸ ਨੇ ਆਪਣੇ ਲੋਕਾਂ ਨੂੰ ਮੁਕਤ ਕੀਤਾ, ਉਸ ਨੇ ਉਹਨਾਂ ਨਾਲ ਹਮੇਸ਼ਾ ਰਹਿਣ ਵਾਲਾ ਨੇਮ ਦੀਤਾ; ਉਸ ਦਾ ਨਾਂ ਪਵਿੱਤਰ ਅਤੇ ਸ਼ਕਤੀਸ਼ਾਲੀ ਹੈ।"

ਦੂਸਰੀ ਗੱਲ, ਉਸਦੀ ਸਚਿਆਈ ਅਤੇ ਵਫ਼ਾਦਾਰੀ ਉਸਦੇ ਵਚਨ ਵਿੱਚ ਵੇਖੇ ਜਾ ਸਕਦੇ ਹਨ। ਜਿਵੇਂ ਉਸ ਨੇ ਕਿਹਾ ਹੈ ਉਸਦੇ ਸਾਰੇ ਵਾਇਦੇ ਅਤੇ ਚੇਤਾਵਨੀਆਂ ਪੂਰੀਆਂ ਹੋਣ ਵਾਲੀਆਂ ਹਨਃ

**ਮਤੀ ੨੪:੩੫** "ਅਕਾਸ਼ ਅਤੇ ਧਰਤੀ ਬੇਸ਼ਕ ਟਲ ਜਾਣ, ਪਰ ਮੇਰੇ ਕਹੇ ਹੋਏ ਵਚਨ ਕਦੇ ਵੀ ਨਹੀਂ ਟਲਨਗੇ।"

**੧ ਰਾਜਾ ੮:੫੬** "ਪ੍ਰਭੂ ਧੰਨ ਹੈ, ਜਿਸ ਦੀ ਮੂਸਾ ਦੁਆਰਾ ਕੀਤੀ ਪ੍ਰਤਿਗਿਆ ਦਾ ਹਰ ਸ਼ਬਦ ਸੱਚਾ ਸਿੱਧ ਹੋਇਆ ਹੈ, ਅਤੇ ਉਸਨੇ ਆਪਣੇ ਲੋਕਾਂ ਇਸਰਾਈਲ ਨੂੰ ਸ਼ਾਂਤੀ ਦਿਤੀ ਹੈ।"

**ਗਿਣਤੀ ੨੩:੧੯** "ਪਰਮੇਸ਼ਰ ਆਦਮੀ ਦੀ ਤਰ੍ਹਾਂ ਝੂਠ ਨਹੀਂ ਬੋਲਦਾ, ਉਹ ਮਨੁੱਖ ਵਾਂਗ ਕਹਿ ਕੇ ਪਿਛਾਂ ਹਨੀਂ

ਮੁੜਦਾ; ਉਹ ਜੋ ਕਹਿੰਦਾ ਹੈ, ਕਰਦਾ ਵੀ ਹੈ, ਉਹ ਆਪਣਾ ਕਿਹ ਪੂਰਾ ਕਰਦਾ ਹੈ।"

**੨ ਕੁਰਿੰਥੀਆਂ ੧:੨੦** "ਕਿਉਂਕਿ ਉਹ ਹੀ ਪਰਮੇਸ਼ਰ ਦੀਆਂ ਸਭ ਪ੍ਰਤਿਗਿਆਵਾਂ ਦਾ ਸਾਡੇ ਲਈ 'ਹਾਂ' ਹੈ। ਉਸ ਦੇ ਰਾਹੀਂ ਹੀ ਪਰਮੇਸ਼ਰ ਦੀ ਮਹਿਮਾ ਵਲੋਂ ਅਸੀਂ ਆਮੀਨ ਕਹਿੰਦੇ ਹਾਂ।"

**ਹਿਜ਼ਕਿਏਲ ੧੨:੨੫** "ਮੈਂ, ਪ੍ਰਭੂ ਪਰਮੇਸ਼ਰ ਉਹਨਾਂ ਨਾਲ ਬੋਨਾਂਗਾ ਅਤੇ ਜੋ ਮੈਂ ਕਹਾਂਗਾ ਉਹ ਪੂਰਾ ਵੀ ਹੋਵੇਗਾ। ਹੁਣ ਹੋਰ ਅਧਿਕ ਸਮਾਂ ਨਹੀਂ ਲਗੇਗਾ। ਵਿਦਰੋਹੀਓ, ਤੁਹਾਡੇ ਆਪਣੇ ਜੀਵਨ ਕਾਲ ਵਿਚ ਮੈਂ, ਇਹ ਸਭ ਪੂਰਾ ਕਰਾਂਗਾ, ਜੋ ਮੈਂ ਕਿਹਾ ਹੈ। ਇਹ ਮੈਂ ਪ੍ਰਭੂ ਪਰਮੇਸ਼ਰ ਨੇ ਕਿਹਾ ਹੈ।"

ਤੀਸਰੀ ਗੱਲ, ਉਸਦੀ ਵਫ਼ਾਦਾਰੀ ਅਤੇ ਸਚਿਆਈ ਨਿਆਂ ਦੇ ਦਿਨ ਪ੍ਰਗਟ ਹੋਵੇਗੀ। ਫਿਰ ਸ਼ਭ ਲੋਕ ਵੇਖਣਗੇ ਕਿ ਪਰਮੇਸ਼ਰ ਨੇ ਆਪਣੇ

ਸਭ ਵਾਇਦਿਆਂ ਨੂੰ ਪੂਰਾ ਕੀਤਾ ਜੋ ਕਿ ਉਸ ਨੇ ਆਪਣੇ ਲੋਕਾਂ ਨਾਲ ਕੀਤੇ ਸਨ।

ਅਤੇ ਦੁਸ਼ਟ ਲੋਕ ਉਸਦੀਆਂ ਚੇਤਾਵਨੀਆਂ ਨੂੰ ਪੂਰਾ ਹੁੰਦਾ ਹੋਇਆ ਵੇਖਣਗੇ ਜਿਸਦਾ ਉਹ ਠੱਠਾ ਉਡਾਉਂਦੇ ਰਹੇ। ਇਹ ਸਚਿਆਈ ਸਾਡੇ ਰੋਜਾਨਾਂ ਦੇ ਜੀਵਨ ਤੇ ਕਿਵੇਂ ਪ੍ਰਭਾਵ ਪਾਉਂਦੀ ਹੈ? ਪਹਿਲੀ ਗੱਲ ਇਹ ਸਾਨੂੰ  ਹੌਂਸਲਾ ਦਿੰਦੀ ਕਿ ਅਸੀਂ ਪਰਮੇਸ਼ਰ ਤੇ ਵਿਸ਼ਵਾਸ ਕਰੀਏ ਜੋ ਵੀ ਉਸ ਨੇ ਆਪਣੇ ਵਚਨ ਦੇ ਵਿੱਚ ਕਿਹਾ ਹੈ। ਅਸੀਂ ਇਸ ਨੂੰ ਬਹੁਤ ਹੀ ਸੁੰਦਰਤਾ ਦੇ ਨਾਲ ਅਬਰਾਹਾਮ ਦੇ ਜੀਵਨ ਦੇ ਵਿੱਚ ਪੂਰਾ ਹੁੰਦਾ ਹੋਇਆ ਵੇਖਦੇ ਹਾਂ ਜੋ ਕਿ 100 ਸਾਲ ਦਾ ਸੀ ਅਤੇ ਉਸਦੀ ਪਤਨੀ ਸਾਰਾ ਵੀ ਬੱਚੇ ਜਣਨ ਵਾਲੀ ਉਮਰ ਨੂੰ ਪਾਰ ਕਰ ਚੁੱਕੀ ਸੀ। ਪਰਮੇਸ਼ਰ ਉਸਦੇ ਕੋਲ ਆਇਆ ਅਤੇ ਉਸ ਦੇ ਨਾਲ ਪਰਮੇਸ਼ਰ ਨੇ ਇੱਕ ਬਹੁਤ ਹੀ ਅਨੋਖਾ ਵਾਇਦਾ ਕੀਤਾ:

**ਉਤਪਤ ੧੫:੫-੭** "ਪ੍ਰਭੂ ਅਬਰਾਮ ਨੂੰ ਬਾਹਰ ਲੈ ਗਿਆ ਅਤੇ ਕਿਹਾ, ਤਾਰਿਆਂ ਦੀ ਗਿਣਤੀ ਕਰ, ਤੇਰੀ ਸੰਤਾਨ ਇੰਨਾ ਜਿੰਨੀ ਹੀ ਹੋਵੇਗੀ। ਅਬਰਾਹਮ ਨੇ ਪਰਮੇਸ਼ਰ ਤੇ ਵਿਸ਼ਵਾਸ ਕੀਤਾ ਅਤੇ ਇਸ ਲਈ ਪ੍ਰਭੂ ਨੇ ਵੀ ਉਸ ਨੂੰ ਆਪਣੇ ਸਾਹਮਣੇ ਉਚਿਤ ਠਹਿਰਾਇਆ। ਤਦ ਪ੍ਰਭੂ ਨੇ ਅਬਰਾਹਮ ਨੂੰ ਕਿਹਾ, "ਮੈਂ ਹੀ ਤੈਨੂੰ ਦਸਦੀਆਂ ਦੇ ਨਗਰ ਉਰ ਤੋਂ ਕੱਢ ਕੇ ਲਿਆਇਆ ਕਿ ਤੈਨੂੰ ਇਹ ਧਰਤੀ ਦੇਵਾਂ।"

ਹੁਣ ਅਜੀਬ ਗੱਲ ਇਹ ਹੈ ਕਿ ਅਬਰਾਹਾਮ ਦੇ ਇੱਕ ਵੀ ਪੁੱਤਰ ਨਹੀ ਸੀ ਅਤੇ ਪਰਮੇਸ਼ਰ ਨੇ ਉਸ ਨਾਲ ਵਾਇਦਾ ਕੀਤਾ ਕਿ ਉਸਦੀ ਸੰਤਾਨ ਤਾਰਿਆਂ ਦੀ ਤਰ੍ਹਾਂ ਹੋਵੇਗੀ! ਉਸਦਾ ਕੀ ਪ੍ਰਤੀ ਉੱਤਰ ਸੀ? ਅਸੀਂ 6 ਆਇਤ ਦੇ ਵਿੱਚ ਪੜਦੇ ਹਾਂ, "ਉਸਨੇ ਯਹੋਵਾਹ ਤੇ ਵਿਸ਼ਵਾਸ ਕੀਤਾ" ਜਦ ਇਸਹਾਕ ਜੋ ਕਿ ਉਸਦਾ ਵਾਇਦੇ ਦੀ ਸੰਤਾਨ ਸੀ, ਵੱਡਾ ਹੋ ਗਿਆ, ਪਰਮੇਸ਼ਰ ਨੇ ਅਬਰਾਹਾਮ ਨੂੰ ਹੁਕਮ ਦਿੱਤਾ ਕਿ ਉਹ ਆਪਣੇ ਪੁੱਤਰ ਨੂੰ ਮੋਰੇਹ ਪਰਬਤ ਤੇ ਇੱਕ ਵੇਦੀ ਤੇ ਉਸ ਨੂੰ ਕੁਰਬਾਨ ਕਰ ਦੇਵੇ। ਅਬਰਾਹਾਮ ਦਾ ਕੀ ਪ੍ਰਤੀਉੱਤਰ ਸੀ? ਉਸ ਨੇ ਉਸੇ ਵੇਲੇ ਹੁਕਮ

ਨੂੰ ਮੰਨਿਆ। ਅਸੀਂ ਇਬਰਾਨੀਆਂ ਦੀ ਪੋਥੀ ਦੇ ਲਿਖਾਰੀ ਤੋਂ ਇਹ ਸਮਝਦੇ ਹਾਂ ਕਿ ਉਹ ਕੀ ਸੋਚ ਰਿਹਾ ਸੀ:

**ਇਬਰਾਨੀਆਂ ੧੧:੧੭-੧੯** "ਵਿਸ਼ਵਾਸ ਦੁਆਰਾ ਹੀ, ਜਦੋਂ ਅਬਰਾਹਮ ਦੀ ਪ੍ਰੀਖਿਆ ਹੋਈ, ਤਾਂ ਉਹ ਆਪਣੇ ਇਕ ਮਾਤਰ ਪੁੱਤਰ ਦੀ ਕੁਰਬਾਨੀ ਦੇਣ ਦੇ ਲਈ ਤਿਆਰ ਹੋ ਗਿਆ। ਇਹ ਅਬਰਾਹਮ ਉਹ ਹੀ ਸੀ, ਜਿਸ ਨਾਲ ਪਰਮੇਸ਼ਰ ਨੇ ਪ੍ਰਤਿਗਿਆ ਕੀਤੀ ਸੀ, ਅਤੇ ਉਸ ਨੂੰ ਕਿਹਾ ਸੀ, "ਇਹ ਇਸਹਾਰ ਹੀ ਹੈ, ਜਿਸ ਦੇ ਦੁਆਰਾ ਤੇਰੀ ਸੰਤਾਨ ਦਾ ਨਾਂ ਚੱਲੇਗਾ।" ਅਬਰਾਹਾਮ ਦਾ ਭਰੋਸਾ ਸੀ ਕਿ ਪਰਮੇਸ਼ਰ ਮੁਰਦਿਆਂ ਨੂੰ ਵੀ ਫਿਰ ਜੀਵਨ ਦੇ ਸਕਦਾ ਹੈ ਅਤੇ ਇਕ ਤਰ੍ਹਾਂ ਨਾਲ ਉਹ ਠੀਕ ਵੀ ਹੈ, ਕਿਉਂਕਿ ਉਸ ਨੂੰ ਉਸ ਦਾ ਪੁੱਤਰ ਮੌਤ ਦੇ ਮੂੰਹ ਵਿਚੋਂ ਹੀ ਮਿਲਿਆ ਸੀ।"

ਅਬਰਾਹਾਮ ਜਾਣਦਾ ਸੀ ਕਿ ਪਰਮੇਸ਼ਰ ਪੂਰੀ ਤਰਾਂ ਨਾਲ ਵਫਾਦਾਰ ਹੈ ਅਤੇ ਉਹ ਇਸਹਾਕ ਨੂੰ ਮੁਰਦਿਆਂ ਵਿੱਚੋਂ ਵੀ ਜਿਵਾ ਸਕਦਾ ਹੈ ਅਤੇ ਉਸਦਾ ਇੱਕ ਵੀ ਵਾਇਦਾ ਟਲ ਨਹੀ ਸਕਦਾ ਹੈ। ਕਾਸ਼! ਲਿਖਾਰੀ ਅਤੇ ਪਾਠਕ ਦਾ ਇਹੋ ਜਿਹਾ ਵਿਸ਼ਵਾਸ ਹੋਵੇ।

ਦੂਸਰੀ ਗੱਲ ਇਹ ਅਵਿਸ਼ਵਾਸੀਆਂ ਨੂੰ ਇੱਕ ਵਧੀਆ ਕਾਰਣ ਦਿੰਦਾ ਹੈ ਜੋ ਕਿ ਪਰਮੇਸ਼ਰ ਦੀਆਂ ਚੇਤਾਵਨੀਆਂ ਦਾ ਮਜਾਕ ਉਡਾਉਂਦੇ ਹਨ ਕਿ ਉਹ ਡਰਨ ਅਤੇ ਮੁਕਤੀਦਾਤਾ ਦੇ ਕੋਲ ਕਿਰਪਾ ਦੇ ਸਮੇਂ ਦੇ ਵਿੱਚ ਆ ਸਕਣ। ਮੈਂ ਇੱਕ ਵਾਰ ਇੱਕ ਮਿਸ਼ਨਰੀ ਦੀ ਕਹਾਣੀ ਸੁਣੀ ਜਿਸ ਨੇ ਇੱਕ ਭਾਰਤੀ ਨੂੰ ਪੁੱਛਿਆ ਕਿ ਉਹ ਕਿਵੇਂ ਬਚਾਇਆ ਗਿਆ ਹੈ। ਉਹ ਆਦਮੀ ਆਪਣੇ ਸ਼ਬਦਾਂ ਦੇ ਨਾਲ ਇੰਨ੍ਹਾਂ ਵਧੀਆ ਨਹੀ ਸੀ ਇਸ ਲਈ ਉਹ ਆਪਣੇ ਬਦਲਵਾਵ ਦੀ ਉਦਹਾਰਣ ਦੇਣ ਲੱਗ ਪਿਆਂ। ਉਸ ਨੇ ਸੁੱਕੇ ਪੱਤਿਆਂ ਨੂੰ ਇਕੱਠੇ ਕੀਤਾ ਅਤੇ ਉਨ੍ਹਾਂ ਨੂੰ ਇੱਕ ਘੇਰੇ ਵਿੱਚ ਰੱਖ ਦਿੱਤਾ। ਫਿਰ ਉਸ ਨੇ ਇੱਕ ਕੀੜਾ ਲੈ ਕੇ ਉਸ ਨੂੰ ਉਸ ਘੇਰੇ ਦੇ ਅੰਦਰ ਵਿਚਕਾਰ ਰੱਖ ਦਿੱਤਾ। ਉਸ ਨੇ ਪੱਤਿਆਂ ਤੇ ਅੱਗ ਲਾ ਦਿੱਤੀ, ਅਤੇ ਬੜੇ ਡਰ ਦੇ ਨਾਲ ਉਸ ਮਿਸ਼ਨਰੀ ਨੇ ਵੇਖਿਆ ਕਿ ਕਿਵੇਂ ਉਹ ਕੀੜਾ ਬਾਹਰ ਨਿਕਲਣ ਦੀ ਕੋਸ਼ਿਸ ਕਰ ਰਿਹਾ ਸੀ। ਜਦ ਉਸ ਨੂੰ ਬਾਹਰ ਨਿਕਲਣ ਦਾ ਕੋਈ ਰਾਹ ਨਾ ਮਿਲਿਆ ਤਾਂ ਉਸ ਨੇ ਆਪਣੇ ਅੰਤਮ

ਸਮੇਂ ਦੀ ਤਿਆਰੀ ਕਰ ਲਈ। ਪਰ ਜਿਵੇਂ ਹੀ ਅੱਗ ਉਸ ਕੀੜੇ ਤੱਕ ਪਹੁੰਚਣ ਵਾਲੀ ਸੀ, ਉਸ ਭਾਰਤੀ ਨੇ ਹੱਥ ਵਧਾ ਕੇ ਕੀੜੇ ਨੂੰ ਬਾਹਰ ਕੱਢ ਲਿਆ। ਇਸ ਤਰਾਂ ਮੈਂ ਵੀ ਇੱਕ ਕੀੜਾਂ ਸੀ ਜਿਸ ਨੂੰ ਯਿਸੂ ਮਸੀਹ ਨੇ ਹੱਥ ਵਧਾ ਕੇ ਚੁੱਕ ਲਿਆ ਅਤੇ ਉਹ ਕ੍ਰੋਧ ਜੋ ਮੇਰੇ ਤੇ ਆਉਣਾ ਸੀ ਆਪਣੇ ਸਰੀਰ ਤੇ ਸਲੀਬ ਤੇ ਚੁੱਕ ਲਿਆ। ਮੇਰੇ ਪਿਆਰੇ ਪਾਠਕ ਬਹੁਤ ਸਾਰੇ ਬਚ ਰਹੇ ਹਨ ਅਤੇ ਤੁਸੀਂ ਵੀ ਇਹ ਕਰ ਸਕਦੇ ਹੋ ਜੇਕਰ ਤੁਸੀਂ ਉਸ ਮੁਕਤੀਦਾਤਾ ਦੇ ਕੋਲ ਦੋੜ ਜਾਉ ਜੋ ਕਿ ਪਰਮੇਸ਼ਰ ਦਾ ਪੁੱਤਰ ਹੈ।

ਤੀਸਰੀ ਗੱਲ, ਸਚਿਆਈ ਅਤੇ ਵਫਾਦਾਰੀ ਵਿਸ਼ਵਾਸੀਆਂ ਦੇ ਜੀਵਨ ਵਿੱਚ ਨਜ਼ਰ ਆਉਣੀ ਚਾਹੀਦੀ ਹੈ। ਯਿਸੂ ਨੇ ਅਕਸਰ ਹੀ ਆਪਣੀ ਗੱਲਬਾਤ ਇਬਰਾਨੀ ਭਾਸ਼ਾ ਦੇ ਸ਼ਬਦ ਆਮੀਨ ਆਮੀਨ ਦੇ ਨਾਲ ਕੀਤੀ, ਜਿਸਦਾ ਅਰਥ ਹੈ ਸੱਚ। ਉਹ ਸਿਰਫ ਸੱਚ ਬੋਲਦਾ ਹੈ, ਉਹ ਸੱਚ ਹੈ। ਓਸਦਾ ਵਚਨ ਨਿਆਂ ਦੇ ਦਿਨ ਸਤਰ ਬਣੇਗਾ।

**ਮਤੀ ੭:੨੪-੨੭** "ਇਸ ਲਈ ਜੋ ਕੋਈ ਮੇਰੇ ਵਚਨਾਂ ਨੂੰ ਸੁਣਦਾ ਹੈ ਅਤੇ ਉਹਨਾਂ ਉਤੇ ਚਲਦਾ ਹੈ, ਉਹ ਉਸ ਸਮਝਦਾਰ ਆਦਮੀ ਵਰਗਾ ਹੈ, ਜਿਸ ਨੇ ਆਪਣਾ ਘਰ ਚਟਾਨ ਤੇ ਬਣਾਇਆ। ਜਦੋਂ ਵਰਖਾ ਆਈ, ਹੜ੍ਹ ਆਏ, ਹਨੇਰੀਆਂ ਵਗੀਆਂ ਅਤੇ ਉਸ ਘਰ ਨਾਲ ਟਕਰਾਈਆਂ; ਉਹ ਘਰ ਨਾ ਡਿਗਾ, ਕਿਉਂਕਿ ਉਸ ਘਰ ਦੀ ਨੀਂਹ ਚਟਾਨ ਉਤੇ ਰੱਖੀ ਹੋਈ ਸੀ। ਪਰ ਜੋ ਕੋਈ ਮੇਰੇ ਵਚਨਾ ਨੂੰ ਸੁਣਦਾ ਹੈ, ਪਰ ਉਹਨਾਂ ਤੇ ਚਲਦਾ ਨਹੀਂ ਹੈ, ਉਹ ਉਸ ਮੂਰਖ ਮਨੁੱਖ ਵਰਗਾ ਹੈ, ਜਿਸ ਨੇ ਆਪਣਾ ਘਰ ਰੇਤ ਤੇ ਬਣਾਇਆ। ਇਸ ਲਈ ਜਦੋਂ ਵਰਖਾ ਆਈ, ਹੜ੍ਹ ਆਏ, ਹਨੇਰਈਆਂ, ਤਾਂ ਉਹ ਘਰ ਡਿਗ ਪਿਆ। ਉਸ ਦੀ ਢਹਾਈ ਕਿੰਨੀ ਭਿਅੰਕਰ ਸੀ।"

ਥੋਮਸ ਵਾਟਸਨ ਨੇ ਲਿਖਿਆ ਹੈ, ਪਾਇਥਾਗਰੋਸ ਨੂੰ ਪੁੱਛਿਆ ਗਿਆ ਮਨੁੱਖਾਂ ਨੂੰ ਪਰਮੇਸ਼ਰ ਵਰਗਾ ਕਿਸ ਨੇ ਬਣਾਇਆ, ਉਸਨੇ ਦਸਿਆ 'ਜਦ ਉਹ ਸੱਚ ਬੋਲਦੇ ਹਨ'। ਇਹ ਉਸ ਇੱਕ ਵਿਅਕਤੀ ਦੀ ਨਿਸ਼ਾਨੀ ਹੈ ਜੋ ਕਿ ਸਵਰਗ ਦੇ ਵਿੱਚ ਜਾ ਰਿਹਾ ਹੈ 'ਜਿੜ੍ਹਾ ਆਪਣੇ ਦਿਲ ਵਿੱਚ ਸੱਚ ਬੋਲਦਾ ਹੈ' (ਭਜਨ 15:2)"8

# 9

# ਪਰਮੇਸ਼ਰ ਪ੍ਰੇਮ ਹੈ

**੧ਯੂਹੰਨਾਂ ੪:੮** "ਪਰ ਉਹ ਜੋ ਪਿਆਰ ਨਹੀਂ ਕਰਦਾ ਹੈ, ਉਹ ਪਰਮੇਸ਼ਰ ਨੂੰ ਵੀ ਨਹੀਂ ਜਾਣਦਾ ਹੈ, ਕਿਉਂਕਿ ਪਰਮੇਸ਼ਰ ਪਿਆਰ ਹੈ।"

ਆਦਮੀ ਜਿਸ ਨੂੰ ਪਰਮੇਸ਼ਰ ਨੇ ਆਪਣੇ ਸਰੂਪ ਤੇ ਬਣਾਇਆ ਹੈ, ਇੱਕ ਸਮਾਜਿਕ ਪ੍ਰਾਣੀ ਹੈ। ਉਸ ਨੂੰ ਇਸ ਲਈ ਬਣਾਇਆ ਗਿਆ ਹੈ ਕਿ ਉਹ ਪਰਮੇਸ਼ਰ ਦੇ ਨਾਲ ਅਤੇ ਦੂਸਰੇ ਮਨੁੱਖਾਂ ਦੇ ਨਾਲ ਪਿਆਰ ਦਾ ਰਿਸ਼ਤਾ ਬਣਾ ਕੇ ਰੱਖ ਸਕੇ। ਇਹ ਪਰਮੇਸ਼ਰ ਦੇ ਵਿੱਚ ਪ੍ਰਤੱਖ ਨਜ਼ਰ ਆਉਂਦਾ ਹੈ ਜਿਸ ਨੇ ਉਸ ਨੂੰ ਬਣਾਇਆ। ਪਰਮੇਸ਼ਰ ਪ੍ਰੇਮ ਹੈ, ਕਿਉਂਕਿ ਉਸਦਾ ਪਿਆਰ ਸਦੀਪਕ ਕਾਲ ਤੋਂ ਹੀ ਪਰਮੇਸ਼ਰਤਾਈ ਦੇ ਤ੍ਰਿਨਿਤੀ ਦੇ ਵਿੱਚ ਨਜ਼ਰ ਆਉਂਦੀ ਹੈ। ਕੋਈ ਹੋਰ ਧਰਮ ਨਹੀ ਕਹਿ ਸਕਦਾ ਕਿ ਪਰਮੇਸ਼ਰ ਪ੍ਰੇਮ ਹੈ, ਕਿਉਂਕਿ ਸ੍ਰਿਸਟੀ ਤੋਂ ਪਹਿਲਾਂ ਕੋਈ ਹੈ ਹੀ ਨਹੀ ਸੀ ਜਿਸ ਨੂੰ ਉਹ ਪ੍ਰੇਮ ਕਰ ਪਾਉਂਦਾ। ਬਹੁਤ ਸਾਰੇ ਧਰਮਾਂ ਵਾਸਤੇ ਪਰਮੇਸ਼ਰ ਵਿਅਕਤੀਗਤ ਪਰਮੇਸ਼ਰ ਨਹੀ ਹੈ, ਉਹ ਕੋਈ ਤਾਕਤ ਹੈ, ਜਾਂ ਬ੍ਰਹਿਮੰਡ ਦਾ ਕੋਈ ਹੋਰ ਨਾਮ ਹੈ, ਜਿਵੇਂ ਕਿ ਸਭ ਚੀਜਾਂ ਪਰਮੇਸ਼ਰ ਵਾਲੀ ਵਿਚਾਰਧਾਰਾ ਦੇ ਵਿੱਚ ਹੈ। ਕੁਝ ਧਰਮਾਂ ਵਿੱਚ (ਇਸਲਾਮ ਅਤੇ ਸਿੱਖ ਧਰਮ) ਵਿੱਚ ਪਰਮੇਸ਼ਰ ਇੰਨ੍ਹਾਂ ਉੱਚਾ ਹੈ ਅਤੇ ਸਭ ਸ੍ਰਿਸਟੀ ਤੋਂ ਉੱਚਾ ਹੈ ਕਿ ਉਹ ਦੇਹ ਧਾਰਨ ਨਹੀ ਕਰ ਸਕਦਾ। ਮਸੀਹੀਅਤ ਵਿੱਚ ਪਰਮੇਸ਼ਰ ਉੱਚਾ ਵੀ ਹੈ ਅਤੇ ਚੁੱਕਿਆ ਹੋਇਆ ਵੀ ਹੈ ਅਤੇ ਫਿਰ ਵੀ

ਉਹ ਲੋਕਾਂ ਦੇ ਨਾਲ ਨਜਦੀਕੀ ਦੇ ਨਾਲ ਜੁੜਿਆ ਹੋਇਆ ਹੈ। ਕਿ ਉਹ ਉਨ੍ਹਾਂ ਦਾ ਸੁਭਾਅ ਲੈ ਲੈਂਦਾ ਹੈ!

ਯੂਹੰਨਾਂ ਲਿਖਦਾ ਹੈ, "ਪਰਮੇਸ਼ਰ ਪ੍ਰੇਮ ਹੈ" (1 ਯੂਹੰਨਾਂ 4:8) ਬਹੁਤ ਸਾਰੇ ਲੋਕ ਪਰਮੇਸ਼ਰ ਦੇ ਇਸ ਗੁਣ ਤੇ ਸਵਾਲ ਕਰਦੇ ਹਨ। ਉਹ ਕਹਿੰਦੇ ਹਨ, "ਪਰਮੇਸ਼ਰ ਕਿਵੇਂ ਪਿਆਰ ਹੋ ਸਕਦਾ ਹੈ? ਜਦ ਉਹ ਬਹੁਤ ਸਾਰੇ ਲੋਕਾਂ ਨੂੰ ਨਰਕ ਵਿੱਚ ਭੇਜ ਦਿੰਦਾ ਹੈ!" ਉਨ੍ਹਾਂ ਦੀ ਇਹ ਸਮੱਸਿਆ ਇਸ ਲਈ ਹੈ ਕਿਉਂਕਿ ਉਹ ਯੂਹੰਨਾਂ ਦੇ ਸ਼ਬਦਾਂ ਨੂੰ ਉਲਟਾ ਕਰ ਦਿੰਦੇ ਹਨ ਕਿ "ਪ੍ਰੇਮ ਪਰਮੇਸ਼ਰ ਹੈ"। ਇਸ ਦੇ ਨਾਲ ਅਸੀਂ ਪਰਮੇਸ਼ਰ ਨੂੰ ਇੱਕ ਗੁਣ ਤੱਕ ਸੀਮੀਤ ਕਰ ਦਿੰਦੇ ਹਾਂ। ਪਰ ਉਹ ਪਵਿੱਤਰ, ਧਰਮੀ ਅਤੇ ਸਚਿਆਈ ਵੀ ਹੈ। ਬਹੁਤ ਸਾਰੀਆਂ ਚੀਜਾਂ ਹਨ ਜਿੰਨਾਂ ਦਾ ਤਜਰਬਾ ਪਾਪੀ ਕਰਦੇ ਹਨ ਅਤੇ ਉਸ ਨੂੰ ਪਿਆਰ ਕਹਿੰਦੇ ਹਨ, ਉਦਾਹਾਰਣ ਦੇ ਤੌਰ ਤੇ ਵਿਭਚਾਰ, ਗਲਤ ਸਬੰਧ, ਆਦਿ ਇਹ ਸਭ ਗੱਲਾਂ ਦੀ ਪਰਮੇਸ਼ਰ ਵਿਰੋਧਤਾ ਕਰਦਾ ਹੈ। ਆਰ ਸੀ ਸਪਰਾਉਲ ਇਸ ਗੱਲ ਦਾ ਵਿਵਰਣ ਦਿੰਦਾ ਹੈ, " ਜਦ ਅਸੀਂ ਕਹਿੰਦੇ ਹਾਂ ਕਿ ਪਰਮੇਸ਼ਰ ਪ੍ਰੇਮ ਹੈ ਤਾਂ ਉਹ ਪ੍ਰੇਮ ਉਸਦੇ ਚਰਿੱਤਰ ਦਾ ਇੱਕ ਬਹੁਤ ਵੱਡਾ ਹਿਸਾ ਹੈ ਅਤੇ ਉਹ ਇੰਨਾਂ ਜਿਆਦਾ ਪ੍ਰੇਮ ਕਰਦਾ ਹੈ ਕਿ ਅਸੀਂ ਉਸ ਨੂੰ ਕਹਿੰਦੇ ਹਾਂ ਕਿ ਉਹ ਪ੍ਰੇਮ ਹੈ"9

ਆਉ ਅਸੀਂ ਇਸ ਗੁਣ ਨੂੰ ਜੋ ਕਿ ਪਰਮੇਸ਼ਰ ਦਾ ਹੈ ਸੰਸਾਰ ਅਤੇ ਉਸਦੇ ਚੁਣਿਆਂ ਹੋਇਆਂ ਦੇ ਪ੍ਰਤੀ ਵੇਖੀਏ।

ਪਹਿਲਾ, ਪਰਮੇਸ਼ਰ ਦੇ ਪ੍ਰੇਮ ਦਾ ਇਜਹਾਰ ਤ੍ਰਿਏਕਤਾ ਦੇ ਵਿੱਚ ਮਿਲਦਾ ਹੈ। ਪੁੱਤਰ ਪਿਤਾ ਦਾ ਪਿਆਰਾ ਹੈ। ਅਸੀਂ ਸੁਣਦੇ ਹਾਂ ਕਿ ਪਿਤਾ ਨੇ ਇਸਦੀ ਸਾਖੀ ਉਸਦੇ ਬਪਤਿਸਮੇ ਅਤੇ ਉਸਦੇ ਰੂਪ ਬਦਲਣ ਦੇ ਸਮੇ ਦਿੱਤੀ। (ਮਤੀ 3:17;17:5) ਪੁੱਤਰ ਪਿਤਾ ਨੂੰ ਪਿਆਰ ਕਰਦਾ ਹੈ ਅਤੇ ਮੌਤ ਤਾਂਈ ਉਹ ਆਪਣੇ ਆਪ ਨੂੰ ਦੀਨ ਕਰ ਦਿੰਦਾ ਹੈ, ਇੱਥੋਂ ਤਾਈਂ ਕਿ ਸਲੀਬ ਦੀ ਮੌਤ ਤਾਂਈ ਕਿ ਉਹ ਪਿਤਾ ਨੂੰ ਮਹਿਮਾ ਦੇ ਸਕੇ। ਇਸਹਾਕ ਅਬਰਾਹਾਮ ਦੇ ਪ੍ਰਤੀ ਸਮਰਪਿਤ ਹੈ ਜਦ ਉਹ ਆਪਣੇ ਪੁੱਤਰ ਨੂੰ ਪਰਮੇਸ਼ਰ ਦੇ ਹੁਕਮ ਤੇ ਮਾਰਨ ਜਾ ਰਿਹਾ ਹੈ। ਪਰ ਇੱਕ ਸਵਰਗ

ਦੂਤ ਉਸ ਨੂੰ ਰੋਕ ਦਿੰਦਾ ਹੈ। ਪਰ ਯਿਸੂ ਮਸੀਹ ਅਸਲ ਵਿੱਚ ਸੱਚਮੁੱਚ ਹੀ ਮਰ ਗਿਆ ਕਿ ਉਹ ਪਿਤਾ ਦੀ ਇੱਛਾ ਨੂੰ ਪੂਰਿਆਂ ਕਰੇ। ਪਰਮੇਸ਼ਰ ਦਾ ਦਿਲ ਪਿਆਰ ਹੈ, ਅਤੇ ਇਹ ਉਸਦੀ ਕੁਰਬਾਨੀ ਦੇ ਵਿੱਚ ਜ਼ਾਹਿਰ ਹੁੰਦਾ ਹੈ।

ਇਸ ਪਿਆਰ ਦੇ ਦੁਆਰਾ ਜੋ ਪਿਤਾ ਦੇ ਲਈ ਹੈ, ਚਮਕਦਾ ਹੈ ਜਦ ਉਸਦਾ ਪੁੱਤਰ ਸਲੀਬ ਦੇ ਉੱਪਰ ਲਟਕਿਆ ਹੋਇਆ ਹੈ। ਪਿਤਾ ਪਰਮੇਸ਼ਰ ਉਸ ਨੂੰ ਇਸ ਤੋਂ ਵਧੀਕ ਪਿਆਰ ਨਹੀ ਸੀ ਕਰ ਸਕਦਾ, ਜਦ ਉਹ ਸਲੀਬ ਤੇ ਚੜਿਆ ਹੋਇਆ ਸੀ।

ਦੂਸਰੀ ਗੱਲ ਪਰਮੇਸ਼ਰ ਦਾ ਪਿਆਰ ਇਸ ਸੰਸਾਰ ਦੇ ਲਈ ਪ੍ਰਗਟ ਹੁੰਦਾ ਹੈ ਜਦ ਉਸ ਨੇ ਆਪਣਾ ਪੁੱਤਰ ਦੇ ਦਿੱਤਾ:

**ਯੂਹੰਨਾਂ ੩:੧੬** "ਕਿਉਂਕਿ ਪਰਮੇਸ਼ਰ ਨੇ ਸੰਸਾਰ ਨਾਲ ਇੰਨਾ ਪਿਆਰ ਕੀਤਾ ਕਿ ਉਸ ਨੇ ਆਪਣਾ ਇਕਲੌਤਾ ਪੁੱਤਰ ਦੇ ਦਿੱਤਾ, ਤਾਂ ਜੋ ਉਹ ਸਾਰੇ ਜਿਹੜੇ ਉਸ ਉਤੇ ਵਿਸ਼ਵਾਸ ਕਰਨ, ਨਾਸ਼ ਨਾ ਹੋਣ, ਸਗੋਂ ਅਨੰਤ ਜੀਵਨ ਪ੍ਰਾਪਤ ਕਰਨ।"

ਡੋਨਲਡ ਮੈਕਲੋਇਡ ਲਿਖਦਾ ਹੈ, "ਇਸਦਾ ਪ੍ਰਭਾਵ ਪਰਮੇਸ਼ਰ ਦੇ ਸਭ ਦੇ ਪ੍ਰਤੀ ਪਿਆਰ ਦੇ ਉੱਪਰ ਨਹੀ ਹੈ ਜਿੰਨਾਂ ਜਿਆਦਾ ਇਸ ਸੰਸਾਰ ਦੇ ਉੱਪਰ ਹੈ ਜਿਸ ਨੂੰ ਉਹ ਪਿਆਰ ਕਰਦਾ ਹੈ।"10

ਇਹ ਵਿਖਾਉਂਦਾ ਹੈ ਕਿ ਪਰਮੇਸ਼ਰ ਉਨ੍ਹਾਂ ਨੂੰ ਵੀ ਪਿਆਰ ਕਰਦਾ ਹੈ ਜੋ ਕਿ ਅਖੀਰ ਦੇ ਵਿੱਚ ਬਚਾਏ ਨਹੀ ਜਾਣਗੇ। ਪਰਮੇਸ਼ਰ ਇਸ ਧੰਨਵਾਦ ਨਾ ਕਰਨ ਵਾਲੇ ਸੰਸਾਰ ਦੇ ਉੱਪਰ ਬਹੁਤ ਸਾਰੇ ਵਰਦਾਨ ਵਹਾਂਉਦਾ ਹੈ। ਹਰ ਇੱਕ ਚੀਜ ਜਿਸਦਾ ਇੱਕ ਪਾਪੀ ਅਨੰਦ ਲੈਂਦਾ ਹੈ ਉਹ ਪਰਮੇਸ਼ਰ ਤੋਂ ਹੈ। ਪਰਮੇਸ਼ਰ ਨਹੀ ਚਾਹੁੰਦਾ ਕਿ ਕੋਈ ਵੀ ਨਾਸ਼ ਹੋਵੇ ਪਰ ਇਹ ਕਿ ਉਹ ਮੁੜਨ ਅਤੇ ਜੀਵਨ ਪਾਉਣ। (ਹਿਜਕਿਏਲ 33:11) ਇਹੀ ਕਾਰਣ ਹੈ ਕਿ ਖੁਸ਼ਖਬਰੀ ਦਾ ਪ੍ਰਚਾਰ ਬਿਨਾਂ ਕਿਸੇ ਜਾਤਪਾਤ ਦੇ ਭਿੰਨ ਭੇਦ ਦੇ ਪ੍ਰਚਾਰ ਕਰਨਾ ਚਾਹੀਦਾ ਹੈ। ਖੁਸ਼ਖਬਰੀ ਦੀ ਬਖਸ਼ੀਸ਼ ਬਹੁਤ

ਸੱਚੀ ਹੈ। ਅਸੀਂ ਇਸ ਨੂੰ ਵੇਖਦੇ ਹਾਂ ਜਦ ਯਿਸੂ ਯਰੂਸਲਮ ਵੱਲ ਵੇਖ ਕੇ ਰੋਂਦੇ ਹਨ। ਉਹ ਪਿਆਰੇ ਮਿਤਰੋ, ਪਰਮੇਸ਼ਰ ਦੇ ਪੁੱਤਰ ਦੇ ਸੱਚੇ ਅੱਥਰੂ ਹਨ। ਅਤੇ ਉਹ ਉਨ੍ਹਾਂ ਨੂੰ ਆਪਣੇ ਪੰਖਾਂ ਹੇਠ ਲੈਣਾ ਚਾਹੁੰਦਾ ਹੈ। ਪਰ ਉਹ ਬਹੁਤ ਹੀ ਦੁੱਖ ਨਾਲ ਕਹਿੰਦਾ ਹੈ, "ਪਰ ਤੁਸੀ ਨਹੀ ਆਏ" (ਮਤੀ 23: 37) ਆਉ ਅਸੀਂ ਉਨ੍ਹਾਂ ਲੋਕਾਂ ਤੇ ਤਰਸ ਕਰੀਏ ਜੋ ਕਿ ਮੁਕਤੀਦਾਤਾ ਨੂੰ ਰੱਦਦੇ ਹਨ ਅਤੇ ਉਨ੍ਹਾਂ ਲਈ ਅਰਦਾਸ ਕਰੀਏ ਕਿ ਉਹ ਵੀ ਤੋਬਾ ਕਰ ਕੇ ਉਸਦੇ ਪੰਖਾਂ ਹੇਠ ਆ ਕੇ ਆਰਾਮ ਪਾਉਣ।

ਤੀਸਰਾ ਪਰਮੇਸ਼ਰ ਦਾ ਪਿਆਰ ਉਸਦੇ ਚੁਣਿਆ ਹੋਇਆਂ ਦੇ ਵਿੱਚ ਪ੍ਰਗਟ ਹੁੰਦਾ ਹੈ। ਇਸ ਲਈ ਨਹੀ ਕਿ ਉਹ ਜਿਆਦਾ ਵਧੀਆ ਪਾਪੀ ਹਨ। ਨਹੀਂ ਉਹ ਵੀ ਇਸੇ ਸਦੀਪਕ ਮੌਤ ਦੇ ਭਾਗੀਦਾਰ ਸਨ। ਉਹ ਵੀ ਕ੍ਰੋਧ ਦੀ ਸੰਤਾਨ ਸਨ, ਇਸ ਤੋਂ ਪਹਿਲਾਂ ਕਿ ਉਹ ਕਿਰਪਾ ਦੇ ਦੁਆਰਾ ਬਚਾਏ ਗਏ। ਪਰਮੇਸ਼ਰ ਦਾ ਪਿਆਰ ਉਨ੍ਹਾਂ ਤੇ ਉਸ ਵੇਲੇ ਪ੍ਰਗਟ ਨਹੀ ਹੋਇਆ ਜਦ ਉਹ ਸੁਧਰ ਗਏ, ਪਰ ਜਦ ਉਹ ਪਰਮੇਸ਼ਰ ਦੇ ਵੈਰੀ ਸਨ ਮਸੀਹ ਭਗਤੀਹੀਨਾਂ ਲਈ ਮਰਿਆ (ਰੋਮ5:8–10) ਇਹ ਪਰਮੇਸ਼ਰ ਦੇ ਲੋਕਾਂ ਲਈ ਇੱਕ ਤਸੱਲੀ ਹੈ। ਉਹ ਮੇਰੇ ਬਾਰੇ ਸਭ ਤੋਂ ਘਟੀਆ ਗੱਲ ਵੀ ਜਾਣਦਾ ਹੈ, ਫਿਰ ਵੀ ਉਸ ਨੇ ਆਪਣੇ ਆਪ ਨੂੰ ਮੇਰੇ ਵਾਸਤੇ ਸਲੀਬ ਤੇ ਦੇ ਦਿੱਤਾ।

ਇਹ ਮੇਰੇ ਪਿਆਰਿਉ, ਉਹ ਪਰਮੇਸ਼ਰ ਜਿਸਦਾ ਵਰਣਨ ਵਚਨ ਦੇ ਵਿੱਚ ਦਿੱਤਾ ਗਿਆ ਹੈ। ਸਿਰਫ ਉਸਦੀ ਆਰਾਧਨਾ ਕਰੋ।

**Footnotes**

1 Thomas Watson, A Body of Divinity (London: The Banner of Truth Trust, 1970), 72.

2 Watson, A Body of Divinity, 76.

3 Arthur W. Pink, The Attributes of God (Grand Rapids: Baker Book House, 1989), 46.

4 Watson, A Body of Divinity, 78.

5 Watson, A Body of Divinity, 82.

6 Pink, The Attributes of God, 72-73.

7 R.C. Sproul, One Holy Passion (Nashville: Thomas Nelson Publishers, 1987), 151

8 Watson, A Body of Divinity, 102.

9 Sproul, One Holy Passion, 161.

10 Donald Macleod, Behold Your God (Geanies House, Ross-shire; Christian Focus Publications, 1990), 180.

**Dr. Kuldip Singh Gangar** received his undergraduate education in England and taught Religious Studies at Beauchamp College. He received advanced degrees in ministry from Westminster Theological Seminary (M. Div.; Th. M; D. Min.) and Master of Theology in New Testament from Princeton Seminary. He served as pastor in Canada and the US for 21 years before being called as Missionary to produce Biblical literature for EastIndians in various Indian languages.

**In this series from True Path to God:**

1. What is God?
2. What is God Like?
3. Creation and Man's Place in the World
4. The Greatest Opportunity: The Covenant of Works
5. The Great Catastrophe: The Fall
6. Jesus the Only Savior of Mankind
7. Jesus is God
8. Saved by Grace Alone

ISBN 978-0-9919134-9-7

www.truepathtogod.org